LITERARY & CULTURAL MONTHLY OF PANJABI

# THE WATNO DŪR

Post Box No. 1041 Coquitlam, B.C., Canada

TELEPHONE: 874-5403

DECEMBER, 1974

PRICE: 50 C

18




ਸੰਪਾਦਕ:
ਸੁਰਿੰਦਰ ਧੰਜਲ

ਜੇ ਮੂੰਹ ਤੇ ਨਾਹਰੇ ਅਮਨਾਂ ਦੇ ,
ਤਾਂ ਜੰਗ ਦੇ ਸਾਗਰ ਗਹਿਰੇ ਕਿਉਂ ?
ਜੀਵਨ ਦੇ ਸਿਰ ਤੇ ਬੰਬਾਂ ਦੇ ,
ਬੰਦੂਕਾਂ ਦੇ ਸਿਰ ਪਹਿਰੇ ਕਿਉਂ ?



T. RAJ KAPAHI C.L.U.
*Unit Supervisor*
Res.: 433-3441



RAVI MATHUR
*Representative*
Res.: 438-2307

# ARE YOU INTERESTED IN SAVING MONEY AND PAYING LESS INCOME TAX?

Are you giving the Government money that could still be yours? Many people fail to take advantage of tax deferment privileges granted them for retirement savings. Are you?

*The*
**Monarch Life**
**ASSURANCE COMPANY**

**1520 - 777 HORNBY STREET, VANCOUVER 1, B.C. BUS. 684-5322**

# EAST-WEST QUALITY-WEAR



1290—E. 12 (at Kinght)
Vancouver, B.C.

**Phone: 876-7901**

and

7220 Main (at 57th Ave)
Vancouver, B.C.

**Phone: 325-5414**

We are on the top for latest designs, color and quality in all types of fabrics, for sarees and suits, salwar-qamiz, shirts, sweeters, children wears, turbans and many more.

Direct importer-exporter, retailer and wholesaler from India, England, Japan, Hong Kong, Taiwan, Korea and offices in many parts of the world.

**We specialize in everything we sell**

(Wholesale and Retail)

Resident representative in Canada:

## M. S. LAIL

ਦਾਜ, ਵਰੀ ਤੇ ਪਹਿਨਣ ਲੋੜਾਂ ਲਈ ਤੁਹਾਡੇ, ਖੂਬਸੂਰਤ ਸੂਟ, ਸਾੜ੍ਹੀਆਂ, ਸਾਫੇ, ਸਵੈਟਰ, ਪੱਗਾਂ
ਤੇ ਬੱਚਿਆਂ ਦੇ ਕੱਪੜੇ ਆਦਿ ਖਰੀਦਣ ਸਮੇਂ ਮਿਹਰ ਦੇ ਸਟੋਰ ਦਾ ਨਾਂ ਯਾਦ ਰੱਖੋ।
ਜਿੰਨ੍ਹਾਂ ਦਾ ਕੇਵਲ ਨਾਮ ਹੀ ਨਹੀਂ ਸਗੋਂ ਸਾਬਤ ਹੋ ਚੁੱਕਾ ਹੈ ਕਿ ਕੈਨੇਡਾ ਵਿੱਚ
ਜਿੰਨਾਂ ਤੇ ਸਸਤਾ, ਸੁੰਦਰ ਤੇ ਵਧੀਆ ਕੱਪੜਾ ਤੁਹਾਨੂੰ ਕਿਤੇ ਵੀ ਨਹੀਂ ਮਿਲਦਾ।
ਹਰ ਹਫਤੇ ਨਵੇਂ ਰੰਗ ਤੇ ਡੀਜ਼ਾਈਨ, ਖੁੱਲ੍ਹਾ ਡੁੱਲ੍ਹਾ ਮਨ-ਪਸੰਦ ਕੱਪੜਾ, ਪਰਖੋ ਤੇ ਵੇਖ,



Badru H. Amarshi
681-5411

# ManuLife has the pension plan for small companies.

Now companies with as few as five employees can offer attractive retirement income potential. Our Pension Investment Plan can be fully integrated with the Canada and Quebec Pension Plans.
Call us today for a look at the future.

**ManuLife**

The Manufacturers Life Insurance Company

13-1-74

# VIDEO SHOP

6669 Main Street, Vancouver, B.C.

**Phone: 324-2030**

A new name in stereo's and TV's stores.

Where you can get Quasar (Motorola) TV's and stereos, Sony, Lloyd, Toshiba, and Aiwa, Brand cassettes, TV's and stereos.

## SPECIAL:

25" Quasar Colour TV



SUGGESTED PRICE **$777.00**

**SALE PRICE $650.00**

Where every type of repair work is guaranteed for 90 days.

ਜਿਥੇ ਟੀ. ਵੀ., ਰੇਡੀਉ, ਅਤੇ ਸਟਰੀਉ ਆਦਿ ਦੀ ਕੀਤੀ ਮੁਰੰਮਤ ਦੀ 90 ਦਿਨ ਦੀ ਗਰੰਟੀ ਦਿਤੀ ਜਾਂਦੀ ਹੈ।

**LISTEN TO**

**Your Favourite Hindi and Punjabi Radio Program**

**INDIA TODAY AND TOMORROW**

on

**KERI FM STEREO 104.3 mHz**

**Cablevision 90.7 FM**

Every Wednesday 6:00 p.m. to 7:00 p.m.
Every Thursday 6:00 p.m. to 8 00 p.m.
Every Fridav 6:00 p.m. to 8:00 p.m.
Every Saturday 10 a.m. to 12 noon – 6 p.m. to 8 p.m.
Every Sunday 8 am. to 9:30 a.m. – 2 p.m. to 8 p.m.

**The programme consists of latest Indian music, cultural programme, also news from India and local community.**

We will be happy to provide the opportunity to any member of the community to offer felicititious message to friends and relatives on auspicious occasions such as marriages, birthdays, etc.

We will also welcome businessmen and firms who wish to advertise their services and products. Interested parties may phone or write for further information on advertising rates and advice in making up the best possible advertisement for you.

## Sponsored By

# INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

*Now...* *QUALITY COLOUR PHOTO FINISHING*
*AT SPECIAL DISCOUNT PRICES*

FOR
120, 127, 126
620 and 110
PRINT FILMS
ONLY

**$2.99**
**PER ROLL**
For 12 Exposure Roll

**Free 5x7**

COLOUR
ENLARGEMENT
of your
favourite negative
from EVERY roll
processed and printed

Sooter FOTO
A Division of Sooter Studios

611 Kingsway, Vancouver.
One block west of Fraser
Phone: 876-5321



ਤੁਹਾਡਾ ਮਨ-ਪਸੰਦ
ਨਵਾਂ ਰੇਡੀਓ ਪ੍ਰੋਗਰਾਮ
ਸਾਜ਼ ਔਰ ਆਵਾਜ਼

KISM (FM 93 BELLINGHAM)

ਬੋਲੀ:
ਹਿੰਦੀ ਤੇ ਪੰਜਾਬੀ
ਦਿਨ:
ਐਤਵਾਰ
ਸਮਾਂ:
11 A.M. ਤੋਂ 12 NOON
ਫੋਨ:
437-8865 298-2961

LISTEN TO

**SAAZ aur AWAZ**

Newly featured program of
Hindi and Panjabi music
ON

**KISM** (FM 93 BELLINGHAM)

EVERY SUNDAY
From 11.00 A.M.—12 noon

For further information contact:
**Phone 437-8865 298-2961**

ਕੈਨੇਡਾ ਵਿੱਚ ਪੰਜਾਬੀ ਦਾ ਸਾਹਿੱਤਕ
ਅਤੇ ਸੱਭਿਆਚਾਰਕ ਮਾਸਕ-ਪੱਤਰ

SECOND CLASS MAIL REGISTRATION NO. 3233

VOLUME II S.NO. 18 DECEMBER 74

FOUNDER : TARA SINGH HAYER.
ADVISOR : AJMER SINGH RODEY M.A.Sc.
PUBLISHER : CHARANJEET SIDHOO.
EDITOR :
SURINDER DHANJAL.
ASSTT. EDITOR :
BHUPINDER DHALIWAL.
ADVERTISING EDITOR : DALJIT TOOR.
ART EDITOR : NIRMAL DHALIWAL.
CIRCULATION EDITOR : KARAMJIT GHUMAN.

SPECIAL REPRESENTATIVES:-
MANITOBA : RAMESH SAFFRI (WINNIPEG)
B.C. : SUKHPAL TALLEWALIA (BURNABY)
BALBIR DHALIWAL (BURNABY)
GURCHARAN TALLEWALIA (N.W.M.)
LATT BHINDER (KAMLOOPS)
HARNEK MANN (PRINCE GEORGE
JOGINDER AULAKH (PR. GEORGE)
SURDEV JATANA (PR. RUPERT)
QUEBEC : RUPINDER SINGH (MONTREAL)

# ਪ੍ਰਕਾਸ਼ਕ ਦਾ ਸੁਨੇਹਾ

"ਵਤਨ ਤੋਂ ਇੰਨਾ ਦੂਰ ਬੈਠੇ ਹਾਂ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਪ੍ਰਤੀ ਡੂੰਘਾ ਮੋਹ ਦਿਲ 'ਚ ਹੁੰਦਿਆਂ ਵੀ ਆਪਣੀਆਂ ਭਾਵਨਾਵਾਂ ਦਾ ਭਰਪੂਰ ਪ੍ਰਗਟਾਵਾ ਨਹੀਂ ਕਰ ਸਕਦੇ। ਇਸ ਦੂਰੀ ਨੇ ਸਾਨੂੰ ਸਾਡੇ ਸਾਹਿੱਤ ਅਤੇ ਸੱਭਿਆਚਾਰ ਨਾਲੋਂ ਤੋੜਕੇ ਇਸ ਫਾਸਲੇ ਨੂੰ ਹੋਰ ਵੀ ਵਧਾ ਦਿੱਤਾ ਹੈ। ... ... ਕੋਈ ਛੇ ਮਹੀਨੇ ਤੋਂ ਇਹ ਖਿਆਲ ਦਿਲ ਦਿਮਾਗ ਵਿੱਚ ਕਰਵਟਾਂ ਲੈਂਦਾ ਰਿਹਾ ਹੈ ਕਿ ਕਿਉਂ ਨਾ ਇਸ ਵੱਧਦੀ ਦੂਰੀ ਨੂੰ ਘਟਾਉਣ ਲਈ ਪੰਜਾਬੀ ਦਾ ਇੱਕ ਉੱਚ-ਪੱਧਰਾ ਮਾਸਕ-ਪੱਤਰ ਕੈਨੇਡਾ 'ਚੋਂ ਕੱਢਿਆ ਜਾਵੇ, ਜਿਸ ਵਿੱਚ ਸਾਹਿੱਤ ਦੀ ਗੱਲ ਹੋਵੇ, ਬੋਲੀ ਦੀ ਗੱਲ ਹੋਵੇ, ਕਲਾ ਦੀ ਗੱਲ ਹੋਵੇ, ਸੱਭਿਆਚਾਰ ਦੀ ਗੱਲ ਹੋਵੇ - ਕੋਈ ਜੀਵਨ ਦੀ, ਕੋਈ ਚਾਨਣ ਦੀ, ਕੋਈ ਮਾਨਵਤਾ ਦੀ ਗੱਲ ਹੋਵੇ।"

ਉਪਰੋਕਤ ਮਹੱਤਵ-ਪੂਰਨ ਆਸ਼ੇ ਦੀ ਪੂਰਤੀ ਲਈ ਅਸੀਂ ਕੁਝ ਸਾਹਿੱਤ-ਸਨੇਹੀਆਂ ਨੇ ਇਕੱਠੇ ਹੋਕੇ 'ਵਤਨੋਂ ਦੂਰ' ਦੀ ਨੀਂਹ ਰੱਖੀ ਸੀ, ਜਿਹੜਾ ਜੁਲਾਈ 1973 ਤੋਂ ਹਾਲਾਤਾਂ ਨਾਲ ਜੂਝਦਾ ਨਿਰੰਤਰ ਆਪਣੀ ਮੰਜ਼ਲ ਵੱਲ ਵਧ ਰਿਹਾ ਹੈ। ਮੈਨੂੰ ਮਾਣ ਭਰੀ ਖ਼ੁਸ਼ੀ ਹੈ ਕਿ 'ਵਤਨੋਂ ਦੂਰ' ਦੇ ਇਕ ਕਾਮਿੰਦੇ ਦੇ ਰੂਪ ਵਿੱਚ, ਮੈਂ ਵੀ ਕੈਨੇਡਾ ਵਿੱਚ ਪੰਜਾਬੀ ਸਾਹਿੱਤ ਤੇ ਸੱਭਿਆਚਾਰ ਦੇ ਕਾਫ਼ਲੇ ਵਿੱਚ ਆਪਣਾ ਯੋਗਦਾਨ ਪਾਇਆ ਹੈ। ਇਸ ਮਹੀਨੇ ਤੋਂ ਆਪਣੇ ਵਧ ਰਹੇ ਨਿੱਜੀ ਰੁਝੇਵਿਆਂ ਕਰਕੇ 'ਵਤਨੋਂ ਦੂਰ' ਦੇ ਪ੍ਰਕਾਸ਼ਕ ਦੀਆਂ ਸੇਵਾਵਾਂ ਮੈਂ ਸ੍ਰੀ ਚਰਨਜੀਤ ਸਿੱਧੂ ਨੂੰ ਸੌਂਪ ਰਿਹਾ ਹਾਂ।

ਮੈਕਸਿਮ ਗੋਰਕੀ ਦੇ ਸ਼ਬਦਾਂ ਵਿਚ:

'ਕਲਾਕਾਰ ਦੀ ਆਵਾਜ਼ ਸਮੇਂ ਦੀ ਆਵਾਜ਼ ਹੁੰਦੀ ਹੈ।
ਉਸਦਾ ਫ਼ਰਜ਼ ਹੋ ਜਾਂਦਾ ਹੈ ਕਿ ਉਹ ਖਾਸ ਕਰਕੇ
ਬੀਤੇ ਬਾਰੇ ਵੱਧ ਤੋਂ ਵੱਧ ਜਾਣਕੇ ਵਰਤਮਾਨ ਨੂੰ
ਚੰਗੀ ਤਰ੍ਹਾਂ ਸਮਝਣ ਦਾ ਜਤਨ ਕਰੇ।'

ਮੇਰੀ ਦਿਲੀ ਤਮੰਨਾ ਹੈ ਕਿ ਉਪਰੋਕਤ ਕਥਨ ਦੀ ਰੌਸ਼ਨੀ ਵਿੱਚ 'ਵਤਨੋਂ ਦੂਰ' ਦੇ ਸਾਰੇ ਕਲਾਕਾਰ; ਵਤਨ ਤੇ ਕਲਾ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਵਫ਼ਾਦਾਰੀ ਨਾਲ ਅਦਾ ਕਰਦੇ ਰਹਿਣ।

ਮੇਰਾ ਦਿਲੀ ਸਹਿਯੋਗ ਅਤੇ ਸ਼ੁਭ-ਇੱਛਾਵਾਂ ਹਮੇਸ਼ਾਂ ਇਸ ਬੂਟੇ ਦੇ ਨਾਲ ਹਨ, ਜਿਸਦੀ ਜੜ੍ਹ ਅਸੀਂ ਬੜੇ ਉੱਚੇ ਇਰਾਦਿਆਂ ਨਾਲ ਲਾਈ ਹੈ।

— ਸਨੇਹ ਨਾਲ

(ਤਾਰਾ ਸਿੰਘ ਹੇਅਰ)

Reproduction in any manner is prohibited without written permission

# ਸਾਹਿੱਤ ਦਾ ਉਦੇਸ਼

(ਪਰੇਮ ਚੰਦ)

'ਪ੍ਰਗਤੀਸ਼ੀਲ ਲੇਖਕ ਸੰਘ' ਇਹ ਨਾਂ ਮੇਰੀ ਜਾਚੇ ਗ਼ਲਤ ਹੈ। ਸਾਹਿੱਤਕਾਰ ਜਾਂ ਕਲਾਕਾਰ ਸੁਭਾਵਕ ਹੀ ਪ੍ਰਗਤੀਸ਼ੀਲ ਹੁੰਦਾ ਹੈ। ਜੇ ਉਹਦਾ ਇਹ ਸੁਭਾਅ ਨਾ ਹੁੰਦਾ ਤਾਂ ਸ਼ਾਇਦ ਉਹ ਸਾਹਿੱਤਕਾਰ ਹੀ ਨਾ ਹੁੰਦਾ। ਉਹ ਅੰਦਰ ਵੀ ਘਾਟ ਮਹਿਸੂਸ ਕਰਦਾ ਹੈ ਤੇ ਬਾਹਰ ਵੀ। ਇਸੇ ਘਾਟ ਨੂੰ ਪੂਰਨ ਲਈ ਉਹਦੀ ਆਤਮਾ ਬੇਚੈਨ ਰਹਿੰਦੀ ਹੈ। ਆਪਣੀ ਕਲਪਨਾ ਵਿਚ ਉਹ ਮਨੁੱਖ ਤੇ ਸਮਾਜ ਨੂੰ ਸੁਤੰਤਰ ਰੂਪ ਵਿਚ ਵੇਖਣਾ ਚਾਹੁੰਦਾ ਹੈ, ਇਹ ਉਹਨੂੰ ਨਜ਼ਰ ਨਹੀਂ ਆਉਂਦਾ। ਇਸੇ ਲਈ ਵਰਤਮਾਨ ਮਾਨਸਕ ਤੇ ਸਮਾਜਕ ਹਾਲਾਤ ਤੋਂ ਉਹਦਾ ਦਿਲ ਕੁੜ੍ਹਦਾ ਰਹਿੰਦਾ ਹੈ। ਉਹ ਇਨ੍ਹਾਂ ਭੈੜੇ ਹਾਲਾਤ ਦਾ ਅੰਤ ਕਰ ਦੇਣਾ ਚਾਹੁੰਦਾ ਹੈ, ਤਾਂ ਜੁ ਦੁਨੀਆਂ ਵਿਚ ਜੀਉਣ ਅਤੇ ਮਰਨ ਲਈ ਇਸ ਤੋਂ ਚੰਗੀ ਥਾਂ ਹੋ ਜਾਵੇ .....ਪਰ ਸ਼ਾਇਦ ਇਸ ਤੇ ਖ਼ਾਸ ਜ਼ੋਰ ਪਾਉਣ ਦੀ ਲੋੜ ਇਸ ਕਾਰਨ ਪਈ ਕਿ ਪ੍ਰਗਤੀ ਜਾਂ ਉੱਨਤੀ ਤੋਂ ਹਰ ਲੇਖਕ ਜਾਂ ਗ੍ਰੰਥਕਾਰ ਇਕੋ ਹੀ ਅਰਥ ਨਹੀਂ ਲੈਂਦਾ। ਜਿਨ੍ਹਾਂ ਹਾਲਾਤ ਨੂੰ ਇਕ ਇਕੱਠ ਉੱਨਤੀ ਸਮਝਦਾ ਹੈ, ਦੂਜਾ ਉਸ ਨੂੰ ਥਾਸ਼ਕ ਅਵਨਤੀ ਮੰਨ ਸਕਦਾ ਹੈ, ਇਸ ਲਈ ਕਿ ਇਹ ਸਾਹਿਤਕਾਰ ਆਪਣੀ ਕਲਾ ਨੂੰ ਕਿਸੇ ਮਕਸਦ ਹਵਾਲੇ ਨਹੀਂ ਕਰਨਾ ਚਾਹੁੰਦਾ। ਉਹਦੇ ਵਿਚਾਰਾਂ ਵਿਚ ਕਲਾ ਸਿਰਫ਼ ਮਨੋਭਾਵਾਂ ਦੇ ਮਨੁੱਖੀਕਰਣ ਦਾ ਨਾਂ ਹੈ, ਭਾਵੇਂ ਉਨ੍ਹਾਂ ਭਾਵਾਂ 'ਚ ਮਨੁੱਖ ਜਾਂ ਸਮਾਜ ਤੇ ਉਸੇ ਤਰ੍ਹਾਂ ਅਸਰ ਕਿਉਂ ਨਾ ਪਏ।

......ਉੱਨਤੀ ਤੋਂ ਸਾਡਾ ਮੰਤਵ ਉਨ੍ਹਾਂ ਹਾਲਾਤ ਤੋਂ ਹੈ, ਜਿਸ ਤੋਂ ਸਾਡੇ ਵਿਚ ਦ੍ਰਿੜ੍ਹਤਾ ਅਤੇ ਕਾਰਜ-ਸ਼ਕਤੀ ਪੈਦਾ ਹੋਵੇ, ਜਿਸ ਵਿਚ ਸਾਨੂੰ ਆਪਣੀ ਦੁੱਖ ਦੀ ਹਾਲਤ ਦਾ ਗਿਆਨ ਹੋਵੇ। ਅਸੀਂ ਵੇਖੀਏ ਕਿ ਕਿਨ੍ਹਾਂ ਕਾਰਣਾਂ ਸਦਕਾ ਅਸੀਂ ਇਸ ਨਿਰਜਿੰਦ ਤੇ ਪਤਨ ਦੀ ਹਾਲਤ ਵਿਚ ਪਹੁੰਚੇ ਹਾਂ ਅਤੇ ਉਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਸ਼ ਕਰੀਏ।

"ਸਾਹਿੱਤ ਦਾ ਉਦੇਸ਼" ਕੁਝ ਅੰਸ਼  
ਅਪ੍ਰੈਲ 1936, ਲਖਨਊ

# ਕਲਾਕਾਰ ਦਾ ਫ਼ਰਜ਼

(ਦਰਸ਼ਨ ਖਟਕੜ)

ਇਹ ਕਲਾਕਾਰ ਹੈ ਜਿਹੜਾ ਮਨੁੱਖ ਦੇ ਅੰਦਰਲੇ ਉਤਾਰ-ਚੜ੍ਹਾ ਨੂੰ ਗਹਿਰਾਈ 'ਚ ਜਾ ਕੇ ਸਮਝ ਸਕਦਾ ਹੈ ਅਤੇ ਸਮਝਾ ਸਕਦਾ ਹੈ। ਇਸ ਤਰ੍ਹਾਂ ਸਮੁੱਚੀ ਲੋਕਾਈ ਦੀ ਅੰਦਰੂਨੀ ਦੁਨੀਆਂ ਦਾ ਚਿਤੇਰਾ ਤੇ ਪ੍ਰਤੀਨਿਧ ਬਣ ਸਕਦਾ ਹੈ ਤੇ ਬਣਨਾ ਚਾਹੀਦਾ ਹੈ। ਲੋਕਤਾ ਦੇ ਵੈਰੀਆਂ ਦਾ ਅੰਦਰੂਨੀ ਚਿੱਤਰ ਪੇਸ਼ ਕਰਨਾ ਵੀ, ਕਲਾਕਾਰ ਦਾ ਕਰਤੱਵ ਹੈ।

ਜੇ ਆਰਥਕ, ਸਮਾਜਕ, ਰਾਜਨੀਤਕ ਤਬਦੀਲੀ ਲਈ ਸਰਗਰਮੀਆਂ ਉਤਸ਼ਾਹੀ ਨਹੀਂ, ਤਾਂ ਕਲਾ-ਸਰਗਰਮੀਆਂ ਵੀ ਮੱਧਮ ਹੋਣਗੀਆਂ ਤੇ ਕਲਾ ਦਾ ਭਵਿੱਖ ਧੁੰਦਲਾ। ਜੇ ਇਹ ਸਰਗਰਮੀਆਂ ਮਰਨਊ ਹਨ ਤਾਂ ਕਲਾਕਾਰ ਲਈ ਘੁਰਨੇ ਰਹਿਣਾ ਸਮਾਜਕ ਗੁਨਾਹ ਹੈ ਤੇ ਕਲਾ ਨਾਲ ਧ੍ਰੋਹ।

ਕਿਸੇ ਡਰ, ਕਿਸੇ ਲਾਲਚ ਅਧੀਨ ਸੱਚ ਨੂੰ ਸੱਚ ਨਾ ਕਹਿ ਕੇ, ਕਲਾਕਾਰ ਇੱਕ ਧੋਖਾ ਦੇ ਰਿਹਾ ਹੋਵੇਗਾ। ਇਸ ਲਈ ਉਨ੍ਹਾਂ ਮਾਨਸਿਕ-ਸਥਿਤੀਆਂ ਦਾ ਜ਼ਿਕਰ ਕਰਨਾ, ਚਿੱਤਰਣ ਕਰਨਾ ਤੇ ਸਹੀ ਪ੍ਰਸੰਗ ਵਿਚ ਪੇਸ਼ ਕਰਨਾ, ਕਲਾਕਾਰਾਂ ਦਾ ਫ਼ਰਜ਼ ਹੈ, ਜਿਹੜੀਆਂ ਵੱਖ ਵੱਖ ਜਮਾਤਾਂ ਦੀਆਂ, ਵੱਖ ਵੱਖ ਸਥਿਤੀਆਂ ਵਿਚ ਸਾਹਮਣੇ ਆਉਂਦੀਆਂ ਹਨ।

"ਇੱਕ ਸੁਨੇਹਾ" ਕੁਝ ਅੰਸ਼  
ਨਾਗ-ਨਿਵਾਸ (7)-1974.

# ਮੁਜਰਿਮ

(ਮਹਿੰਦਰ ਵੈਸਾਂਝ)

ਦੂਰ ਪਰ੍ਹੇ ਚੜ੍ਹਦੇ ਪਾਸੇ ਸੂਰਜ ਪਹਾੜੀਆਂ ਦੀ ਮਾਂਗ ਵਿਚ ਸੰਧੂਰ ਭਰਨ ਹੀ ਵਾਲਾ ਸੀ ਜਦ ਜਗਤੇ ਚੁਮਿਆਰ ਦੀਆਂ ਚੀਕਾਂ ਸਵੇਰ ਦੀ ਚੁੱਪ ਵਿਚ ਬਿਖਰ ਗਈਆਂ।

ਉਸਨੂੰ ਪੁਲਿਸ ਨੇ ਕੁਟਣਾ ਸ਼ੁਰੂ ਕਰ ਦਿੱਤਾ।

ਟਾਵੇਂ ਟਾਵੇਂ ਲੋਕਾਂ ਵਿਚ ਖੁਸਰ ਫੁਸਰ ਹੋ ਰਹੀ ਸੀ।

"ਰਸਾਲਦਾਰ ਛੱਜਾ ਸਿੰਘ ਦੇ ਘਰ ਪੁਲਿਸ ਆਈਓ ਆ" ਕੋਈ ਕਹਿੰਦਾ।

"ਕਿਉਂ ?" ਕੋਈ ਪੁਛਦਾ।

"ਤਕਾਲੀਂ ਜਗਤੇ ਚੁਮਾਰ ਦੀ ਤੀਵੀਂ ਨੇ ਰਸਾਲਦਾਰ ਦੀਆਂ ਭਰੀਆਂ ਨੂੰ ਅੱਗ ਲਾ ਤੀ।" ਕੋਈ ਦਸਦਾ।

ਪਰ ਜਗਤੇ ਨੂੰ ਕਿਸੇ ਗਲ ਦੀ ਸਮਝ ਨਹੀਂ ਸੀ ਆ ਰਹੀ।

ਕਣਕ ਦੀ ਵਾਢੀ ਦਾ ਕੰਮ ਜ਼ੋਰ ਸ਼ੋਰ ਨਾਲ ਸ਼ੁਰੂ ਹੋ ਗਿਆ, ਰਸਾਲਦਾਰ ਛੱਜਾ ਸਿੰਘ ਦੇ ਮੁੰਡੇ ਆਪਣੇ ਸੀਰੀ ਅਤੇ ਹੋਰ ਲਾਣਿਆਂ ਨੂੰ ਨਾਲ ਲੈ ਕੇ ਸਾਰਾ ਦਿਨ ਵਾਢੀ ਕਰਨ ਤੋਂ ਬਾਅਦ ਲੌਢੇ ਵੇਲੇ ਦੱਖਣ ਵਲ ਚੜ੍ਹੇ ਹੋਏ ਬੁੱਲ੍ਹਿਆਂ ਦੀ ਗਹਿਰ ਵੇਖ ਕੇ ਕਾਹਲੀ ਕਾਹਲੀ ਭਰੀਆਂ ਇਕੱਠੀਆਂ ਕਰਨ ਲਗ ਪਏ।

ਰਸਾਲਦਾਰ ਭਾਵੇਂ ਕੰਮ ਨੂੰ ਘੱਟ ਵਧ ਹੀ ਹੱਥ ਲਾਉਂਦਾ ਸੀ, ਹਵਾ ਵੇਖ ਕੇ ਨਾਲ ਭਰੀਆਂ ਨੂੰ ਹੱਥ ਪਵਾਉਣ ਲਗ ਪਿਆ।

ਰਸਾਲਦਾਰ ਦਾ ਫ਼ੌਜ ਵਿਚ ਕਮਾਇਆ ਹੋਇਆ ਸਰੀਰ, ਕਾਲੇ ਤੋਂ ਚਿੱਟਾ ਹੋ ਰਿਹਾ ਭਰਵਾਂ ਦਾੜ੍ਹਾ ਤੇ ਚਿੱਟੇ ਧੌਤੇ ਕਪੜੇ, ਇਹ ਸਭ ਪਹਿਲੀ ਨਜ਼ਰੇ ਵੇਖਣ ਵਾਲੇ ਤੇ ਉਹਦੇ ਫ਼ਰਿਸ਼ਤਾ ਹੋਣ ਦਾ ਪ੍ਰਭਾਵ ਪੈਦਾ ਕਰਦੇ।

ਹਰ ਭਰੀ ਚੁਕਾਉਣ ਤੋਂ ਬਾਅਦ ਉਹ ਗੁਣ-ਗੁਣਾਉਣ ਲਗ ਪੈਂਦਾ :

'ਘਾਲਿ ਖਾਇ ਕਿਛੁ ਹਥੋਂ ਦੇਹਿ
ਨਾਨਕ ਰਾਹਿ ਪਛਾਣੇ ਸੇਇ।'

ਗੁਰਬਾਣੀ ਦੀ ਇਸ ਤੁੱਕ ਨੂੰ ਤਰੰਨਮ ਨਾਲ ਗੁਣ-ਗੁਣਾਉਂਦਿਆਂ ਉਹ ਨੇੜੇ ਸਿਲਾ (ਸਿੱਟੇ) ਚੁਗਦੀ ਪ੍ਰੀਤੋ ਨਾਲ ਗੱਲਾਂ ਕਰਨ ਲੱਗ ਪਿਆ।

"ਪ੍ਰੀਤੋ, ਸਹੁਰੀ ਦੀਏ ਤੇਰੇ ਆਦਮੀ ਨੂੰ ਕੁਛ ਰਾਮ ਆਇਆ ਕਿ ਨੀਂ ?".

"ਕਿੱਥੇ ਭਾਈਆ ਜੀ, ਡਾਕਦਾਰ ਨੇ ਲੌਦੇ ਲਿਖ ਕੇ ਦਿੱਤੇ ਸੀ। ਕੋਲ ਤਾਂ ਖੋਟਾ ਪੈਸਾ ਵੀ ਨੀਂ।"

ਪ੍ਰੀਤੋ ਦੇ ਕੱਛ ਹੇਠੋਂ ਜੰਪਰ ਦਾ ਇਕ ਲੰਗਾਰ ਲੱਥਾ ਹੋਇਆ ਸੀ, ਜਦ ਉਹ ਝੁਕ ਕੇ ਸਿੱਟਾ ਚੁਕਦੀ ਉਹਦੀ ਉਭਰੀ ਹੋਈ ਬਦਾਮੀ ਰੰਗੀ ਛਾਤੀ ਨੰਗੀ ਹੋ ਜਾਂਦੀ।

ਤੇ ਰਸਾਲਦਾਰ ਛੱਜਾ ਸਿੰਘ ਦੀ ਨਿਗਾਹ ਵਾਰ ਵਾਰ ਜੰਪਰ ਦੇ ਪਾਟੇ ਹੋਏ ਮਘੋਰੇ 'ਚੋਂ ਲੰਘ ਕੇ ਪ੍ਰੀਤੋ ਦੀ ਛਾਤੀ ਉੱਤੇ ਜਾ ਕੇ ਬਿਖਰ ਜਾਂਦੀ।

ਪ੍ਰੀਤੋ ਹੋਰ ਵੀ ਸੁੰਗੜ ਜਾਂਦੀ, ਉਸਨੂੰ ਇਉਂ ਜਾਪਦਾ ਜਿਵੇਂ ਰਸਾਲਦਾਰ ਦੀ ਨਜ਼ਰ ਜ਼ਹਿਰ ਨਾਲ ਲਥ ਪਥ ਕਟਾਰ ਵਰਗੀ ਬਣਦੀ ਜਾ ਰਹੀ ਹੋਵੇ। ਜਿੰਨਾਂ ਉਹ ਜੰਪਰ ਦੀਆਂ ਪਾਟੀਆਂ ਕੰਨੀਆਂ ਨੂੰ ਖਿੱਚ ਖਿੱਚ ਕੇ ਇਹ ਮਘੋਰਾ ਬੰਦ ਕਰਨ ਦਾ ਯਤਨ ਕਰਦੀ, ਉਹ ਹੋਰ ਪਾਟ ਜਾਂਦਾ। ਉਸ ਨੂੰ ਇਉਂ ਜਾਪਦਾ ਜਿਵੇਂ ਸਾਰਾ ਜੰਪਰ ਉਹਦੇ ਤਨ ਤੋਂ ਬਰਫ਼ ਵਾਂਗ ਖੁਰਦਾ ਜਾ ਰਿਹਾ ਹੋਵੇ।

ਪਿੰਡੋਂ ਸਾਰਾ ਰਾਹ ਉਹ ਇਸ ਲੰਗਾਰ ਨੂੰ ਕੱਜਣ ਦਾ ਨਿਰਾਰਥਕ ਯਤਨ ਕਰਦੀ ਅਈ ਸੀ, ਅਨੇਕਾਂ ਭੁੱਖੀਆਂ ਨਜ਼ਰਾਂ ਉਸ ਨੂੰ ਏਸ ਮਘੋਰੇ 'ਚੋਂ ਲੰਘ ਕੇ ਸੂਲਾਂ ਵਾਂਗ ਚੁਭਦੀਆਂ ਜਾਪੀਆਂ, ਜਿਵੇਂ ਉਹ ਸੂਲਾਂ ਦੇ ਸੰਘਣੇ ਜੰਗਲ 'ਚੋਂ ਸਫ਼ਰ ਕਰਕੇ ਆਈ ਹੋਵੇ।

ਤੇ ਰਸਾਲਦਾਰ ਨੇ ਗੱਲ ਸ਼ੁਰੂ ਕਰ ਦਿੱਤੀ: "ਸਹੁਰੀਏ ਤੈਨੂੰ ਤਾਂ ਥਿੱਜ ਲਗ ਗਈ ਆ ਥਿੱਜ, ਜਿਹੜਾ ਆਦਮੀ ਨਾ ਤੀਵੀਂ ਨੂੰ ਰਜਵੀਂ ਰੋਟੀ ਦੇ ਸਕੇ ਤੇ ਨਾਂ ਉਹਦਾ ਘਰ ਪੂਰਾ ਕਰ ਸਕੇ, ਉਹਦੇ 'ਚ ਤੇ ਲਾਸ਼ ਵਿਚ ਕੀ ਫ਼ਰਕ ਆ ? ਦੇਖ ਤੇਰਾ ਰੂਪ 'ਕਿਮੇਂ' ਕੜਕਦੀ ਧੁੱਪ 'ਚ ਪਸੀਨੋਂ ਪਸੀਨੀ ਹੋਇਆ ਪਿਆ, ਤੂੰ ਤਾਂ ਕਿਤੇ ਮਹਿਲਾਂ ਦੀ ਰਾਣੀ ਹੁੰਦੀ ਰਾਣੀ।"

"ਹੋਰ ਭਾਈਆ ਜੀ ਲੇਖਾਂ ਦੀਆਂ ਗੱਲਾਂ ਬੰਦਾ ਕੁਛ ਨੀਂ ਕਰ ਸਕਦਾ।" ਪ੍ਰੀਤੋ ਨੇ ਸੰਗ ਸੁਕੜ ਕੇ ਅੰਦਰੋਂ ਇਉਂ ਜਵਾਬ ਕੱਢਿਆ ਜਿਵੇਂ ਦਸ ਮਣ ਦੀ ਕੋਈ ਚੀਜ਼ ਖੂਹ 'ਚੋਂ ਕੱਢੀ ਹੋਵੇ।

'ਘਾਲਿ ਖਾਇ ਕਿਛੁ ਹਥੋਂ ਦੇਇ
ਨਾਨਕ ਰਾਹੁ ਪਛਾਣੇ ਸੇਇ।'

ਰਸਾਲਦਾਰ ਫਿਰ ਗੁਣਗੁਣਾਉਣ ਲੱਗ ਪਿਆ।

ਅਚਾਨਕ ਹੀ ਹਵਾ ਬੰਦ ਹੋ ਗਈ, ਬਦਲਾਂ ਵਿੱਚੋਂ ਮਘਦਾ ਖੌਲਦਾ ਸੂਰਜ ਨਿਕਲ ਆਇਆ ਹਵਾ ਚੱਲਣ ਤੇ ਸੂਰਜ ਦੇ ਬਦਲਾਂ ਵਿਚ ਕੱਜੇ ਜਾਣ ਨਾਲ ਭਖਦੇ ਵਾਤਾਵਰਣ ਵਿਚ ਜਿਹੜੀ ਸੀਤਲ ਲਹਿਰ ਪਸਰ ਗਈ ਸੀ, ਇਕ ਦਮ ਅਲੋਪ ਹੋ ਗਈ ਤੇ ਮੁੜ ਫਿਰ ਵਾਤਾਵਰਨ ਵਿਚ ਤਪਸ਼ ਤੇ ਹੁੰਮਸ ਭਰ ਗਿਆ।

ਪ੍ਰੀਤੋ ਦੀ ਪੰਜ ਕੁ ਮਹੀਨੇ ਦੀ ਕੁੜੀ ਜਾਗ ਪਈ, ਜਿਸਨੂੰ ਉਹ ਸਿਲਾ ਚੁਗਣ ਲਗੀ ਵੱਟ ਕੋਲ ਸੁਆ ਆਈ ਸੀ।

ਕੁੜੀ ਨੂੰ ਧੁੱਪ ਲੱਗੀ, ਉਹ ਚੀਕਾਂ ਮਾਰ ਕੇ ਰੋਣ ਲੱਗ ਪਈ। ਪ੍ਰੀਤੋ ਸਿੱਟੇ ਚੁਗਦੀ ਰਹੀ, ਉਸ ਨੂੰ ਫ਼ਿਕਰ ਸੀ ਕਿ ਭਰੀਆਂ ਚੁੱਕਣ ਤੋਂ ਬਾਅਦ ਜਿਹੜੇ ਸਿੱਟੇ ਹੇਠੋਂ ਨਿਕਲਦੇ

IMPORTERS EXPORTERS WHOLESALERS RETAILERS
**ROKKO SAREES & FABRICS**
635-BLOOR STREET WEST. TORONTO. ONTARIO. CANADA
Phone 533-1106
OWNED AND OPERATED BY B.S. KHURANA AND SONS AND GRANDSONS

ਹਨ ਉਹ ਹੋਰ ਕੋਈ ਨਾ ਚੁਗ ਲਵੇ ।

"ਮਾਣਸ ਜਨਮ ਦੁਰਲਭ ਹੈ ਹੋਤ ਨਾ ਬਾਰੰਬਾਰ—ਗੁਰਬਾਣੀ 'ਚ ਵੀ ਲਿਖਿਆ । ਸਹੁਰੀਏ, ਚੁਰਾਸੀ ਲੱਖ ਜੂਨਾਂ ਤੋਂ ਬਾਅਦ ਮਨੁੱਖਾ ਜਨਮ ਮਿਲਦਾ । ਹੈਦਾਂ ਘੁਟੀ ਘੁਟੀ ਤੇ ਉਦਾਸ ਉਦਾਸ ਨਾ ਰਿਹਾ ਕਰ, ਜੁਆਨੀ ਦੇ ਚਾਰ ਦਿਨ ਮਾਣਨੇ ਸਿੱਖ ਲੈ, ਐਮੀਂ ਨਾ ਤੰਗ ਫੰਗ ਰਿਹਾ ਕਰ, ਮੀਂਹ ਕਣੀ 'ਚ ਧੱਠੇ ਦੱਬੇ ਦੀ ਲੋੜ ਹੁੰਦੀ ਆ ਤਾਂ ਵੱਢ ਲਿਜਾਇਆ ਕਰ ।" ਰਸਾਲਦਾਰ ਨੇ ਕਪਟ ਭਰੀ ਹਾਸੀ ਹਸਦੇ ਹੋਏ ਕਿਹਾ ।

ਪਰ ਪ੍ਰੀਤੋ ਨੇ ਕੋਈ ਉੱਤਰ ਨਾ ਦਿੱਤਾ, ਜਿਵੇਂ ਸੁਣਿਆ ਹੀ ਨਾ ਹੋਵੇ, ਉਹਦੀ ਸੋਚ ਆਪਣੇ ਘਰ ਵਲ ਜਾ ਪੁੱਜੀ ਸੀ । ਉਹਦੀ ਕਲਪਨਾ ਵਿਚ ਉਹਦੇ ਉਪਰੋਥਲੀ ਦੇ ਨੰਗ ਧੜੰਗੇ ਬੱਚਿਆਂ ਦੇ ਚਿਹਰੇ ਸਾਕਾਰ ਹੋਣ ਲਗ ਪਏ ।

ਦੋ ਦਿਨ ਪਹਿਲਾਂ ਕਿਸੇ ਦੇ ਘਰ ਦਾਣੇ ਛੱਟਣ ਗਿਆਂ ਉਸਨੂੰ ਮੱਕੀ ਦੀ ਇਕ ਰੋਟੀ ਮਿਲੀ ਸੀ, ਉਹ ਉਸਨੇ ਬਚਿਆਂ ਤੋਂ ਲਕੋ ਕੇ ਰੱਖੀ ਹੋਈ ਸੀ; ਉਹ ਚਾਹੁੰਦੀ ਸੀ ਕਿ ਸਾਰਿਆਂ ਦੀ ਅੱਖ ਬਚਾ ਕੇ ਰੋਟੀ ਨੂੰ ਦੋ ਤਿੰਨ ਚੱਕ ਮਾਰ ਲਵੇਗੀ । ਦੋ ਤਿੰਨ੍ਹ ਦਿਨ ਤੋਂ ਘਰ ਵਿਚ ਰੋਟੀ ਨਹੀਂ ਸੀ ਬਣੀ । ਦੋ ਤਿੰਨਾਂ ਘਰਾਂ ਦੇ ਮੁੰਜੀ ਕੁਟ ਕੇ ਉਸਨੇ ਕੁਝ ਮੁੰਜੀ ਬਣਾ ਲਈ ਸੀ ਤੇ ਉਸੇ ਮੁੰਜੀ 'ਚੋਂ ਸੇਰ ਕੁ ਬਚਦੀ ਸੀ, ਜਿਸ ਵਿੱਚੋਂ ਚਾਰ ਕੁ ਦਾਣੇ ਪਾਣੀ 'ਚ ਉਬਾਲ ਕੇ ਆਪਣੇ ਆਦਮੀ ਤੇ ਬਚਿਆਂ ਨੂੰ ਦਿੰਦੀ ਰਹੀ ਸੀ ।

ਤੇ ਉਹਦਾ ਆਪਣਾ ਜੀਅ ਰੋਟੀ ਦੀਆਂ ਦੋ ਤਿੰਨ ਬੁਰਕੀਆਂ ਲਈ ਡਾਢਾ ਹੀ ਲਲਚਾਇਆ ਹੋਇਆ ਸੀ ।

ਸਵੇਰੇ ਉਹਦੀ ਲਕੋ ਕੇ ਰੱਖੀ ਹੋਈ ਰੋਟੀ ਉਹਦਾ ਵੱਡਾ ਮੁੰਡਾ ਲੱਭ ਲਿਆਇਆ ਸੀ । ਫਿਰ ਦੋਵੇਂ ਮੁੰਡੇ ਉਸ ਰੋਟੀ ਦੀ ਖ਼ਾਤਰ ਗੁੱਥਮ ਗੁੱਥਾ ਹੋ ਪਏ । ਅਖ਼ੀਰ ਵੱਡਾ ਮੁੰਡਾ ਛੋਟੇ ਤੋਂ ਰੋਟੀ ਖੋਹ ਕੇ ਬਾਹਰ ਭੱਜ ਗਿਆ, ਪ੍ਰੀਤੋ ਗਾਲ੍ਹਾਂ ਕੱਢਦੀ ਰਹੀ : "ਵੇ ਧੀਦੋ ਟੁੱਟ ਪੈਣਿਆ, ਤੇਰੇ ਸਿਰ 'ਚ ਪੈਣ ਕੀੜੇ ਨਿੱਜ ਹੋਣਿਆਂ ।"

ਛੋਟਾ ਹੇਠਾਂ ਭੁੱਬਲ ਵਿਚ ਲਿਟਣ ਲਗ ਪਿਆ ਸੀ ਤੇ ਉੱਚੀ ਉੱਚੀ ਚੀਕਾਂ ਮਾਰਣ ਲੱਗ ਪਿਆ ਸੀ ।

ਪ੍ਰੀਤੋ ਨੇ ਨਿੱਕੇ ਨੂੰ ਮਿਟੀ 'ਚੋਂ ਚੁਕ ਕੇ ਚੁੱਪ ਕਰਾਇਆ, ਉਹਦੇ ਨੈਣਾਂ ਵਿਚ ਹੰਝੂ ਭਰ ਆਏ ਸਨ "ਚੁੱਪ ਕਰ ਮੇਰੇ ਲਾਲ ! ਮੈਂ ਅਜੇ ਸਿੱਟੇ ਚੁਗਣ ਜਾਣਾ, ਸਿੱਟੇ ਕੁੱਟ ਕੇ ਪੀਹ ਕੇ ਅਜੋ ਰਾਤ ਨੂੰ ਤੈਨੂੰ ਕਣਕ ਦੀ ਪੋਲੀ ਪੋਲੀ ਤੇ ਮਿੱਠੀ ਮਿੱਠੀ ਰੋਟੀ ਬਣਾ ਕੇ ਦੇਊਂਗੀ, ਉਹ ਤਾਂ ਮੱਕੀ ਦੀ ਸੁੱਕੀ ਰੋਟੀ ਸੀ, ਮੇਰਾ ਲਾਲ ਉਹ ਕਿਉਂ ਖਾਵੇ ।" ਪ੍ਰੀਤੋ ਆਪਣੇ ਨੰਨ੍ਹੇ ਪੁੱਤਰ ਨੂੰ ਵਰਾਉਂਦੀ ਹੋਈ ਬੋਲੀ । ਅੰਦਰ ਉਹਦਾ ਜਿਵੇਂ ਹਜ਼ਾਰਾਂ ਛਿਲਤਰਾਂ ਨਾਲ ਪੱਛਿਆ ਪਿਆ ਸੀ ।

"ਉਂ...ਉਂ...ਮੈਨੂੰ ਭੁੱਖ ਲੱਗੀ ਆ, ਤੂੰ ਤਾਂ ਤੱਲ੍ਹ ਵੀ ਕੈਂਦੀ ਥੀ ਤੈਨੂੰ ਸਾਬਤੀ ਰੋਟੀ ਦੇਊਂ ।" ਬੱਚੇ ਨੇ ਇਕਰਾਰ ਯਾਦ ਕਰਾਇਆ ਸੀ, ਇਕਰਾਰ ਜਿਹੜੇ ਕਿ ਸੈਆਂ ਦੀ ਗਿਣਤੀ ਵਿਚ ਬਣਦੇ ਟੁਟਦੇ ਸਨ ।

ਤੇ ਫਿਰ ਉਹਦੇ ਜ਼ਿਹਨ ਵਿੱਚੋਂ ਆਪਣੇ ਦਮੇਂ ਦੇ ਰੋਗੀ ਪਤੀ ਦੀ ਸ਼ਕਲ ਸਾਕਾਰ ਹੋਣ ਲਗ ਪਈ, ਪਤੀ ਜਿਸਦੇ ਅੰਗ ਉਹਦੀ ਦੇਹ ਨੂੰ ਸੰਭਾਲਣ ਤੋਂ ਮੁਕਰਦੇ ਜਾ ਰਹੇ ਸਨ, ਪਤੀ ਜਿਸ ਦੀਆਂ ਲੱਤਾਂ ਬਾਹਵਾਂ ਤੇ ਨਾੜਾਂ ਬਾਹਰ ਉਭਰੀਆਂ ਹੋਈਆਂ ਸਨ, ਜਿਵੇਂ ਵਿਹੁਲੇ ਸਪ ਅਹਿੱਲ ਪਏ ਹੋਣ । ਉਹਨੂੰ ਉੱਥੂ ਛਿੜਦਾ ਤਾਂ ਉਹਦਾ ਸਰੀਰ ਦੋਹਰਾ ਹੋ ਜਾਂਦਾ ।

ਉਸਨੂੰ ਯਾਦ ਆਇਆ—ਪਰਸੋਂ ਉਹ ਆਪਣੇ ਪਿੰਡ ਵਿਚ ਹੀ ਇਕ ਪ੍ਰਾਈਵੇਟ ਡਾਕਟਰ ਪਾਸੋਂ ਆਪਣੇ ਪਤੀ ਜਗਤੇ ਲਈ ਦਵਾਈ ਲੈਣ ਗਈ ਸੀ, ਦਵਾਈ ਦੀਆਂ ਪੁੜੀਆਂ ਉਸ ਲੈ ਲਈਆਂ ਤੇ ਕਿਹਾ "ਤੁਹਾਡੇ ਪੈਸੇ ਜੀ ਮੈਂ ਪਰਸੋਂ ਨੂੰ ਕੱਠੇ ਦੇਊਂਗੀ ।"

ਡਾਕਟਰ ਉਹਦੇ ਜੁਬਨਾਏ ਅੰਗਾਂ ਵਲ ਅੱਖਾਂ ਪਾੜ ਪਾੜ ਕੇ ਵੇਖਦਾ ਰਿਹਾ । ਫਿਰ ਕਹਿਣ ਲੱਗਾ "ਤੁਸੀਂ ਲੋਕਾਂ ਨੇ ਤਾਂ ਸ਼ਰਮ ਲਾਹ ਛੱਡੀ ਹੈ, ਆਪਣੀ ਮਾਂ ਦੇ ਖਸਮ ਦੀ ਦੁਕਾਨ੍ਹ ਸਮਝ ਰਖੀ ਹੈ, ਪਰਸੋਂ ਪੈਸੇ ਨਾ ਮਿਲੇ ਤਾਂ ਮੈਂ ਅੱਗੋਂ ਨੂੰ ਕੋਈ ਦਵਾਈ ਸ਼ਵਾਈ ਨਹੀਂ ਦੇਣੀ, ਤੁਸੀਂ ਲੋਕ ਤਾਂ ਇਹ ਵੀ ਨਹੀਂ ਸੋਚਦੇ ਪਈ ਇਕੱਲੇ ਦੁਕੱਲੇ ਬੰਦੇ ਤੋਂ ਕੰਮ ਨਹੀਂ ਹੁੰਦੇ, ਉਹਦੇ ਘਰ ਜਾ ਕੇ ਕੋਈ ਕੰਮੋਂ ਈ ਪੁੱਛ ਆਈਦੈ । ਪੈਸੇ ਨਹੀਂ ਦੇ ਹੁੰਦੇ ਕਿਤੇ ਗੇੜਾ ਕਢ ਜਾਇਆ ਕਰ ।"

ਪ੍ਰੀਤੋ ਸਿਰ ਸੁੱਟੀ ਸੁਣਦੀ ਰਹੀ ਸੀ । ਉਹਦਾ ਅੰਦਰੋਂ ਜੀ ਕਰੇ ਇਹ ਦਵਾਈ ਦੀਆਂ ਪੁੜੀਆਂ ਜ਼ੋਰ ਨਾਲ ਡਾਕਟਰ ਦੇ ਸਿਰ ਵਿਚ ਦੇ ਮਾਰੇ ਤੇ ਛਿੱਤਰ ਨਾਲ ਉਹਦੀ ਮੁਰੰਮਤ ਕਰ ਦੇਵੇ ।

ਛਿੱਤਰ ਦਾ ਖ਼ਿਆਲ ਆਉਂਦਿਆਂ ਹੀ ਉਸਨੇ ਆਪਣੇ ਪੈਰਾਂ ਵਲ ਵੇਖਿਆ ਸੀ, ਇਨ੍ਹਾਂ ਪੈਰਾਂ ਨੂੰ ਤੇ ਛਿੱਤਰ ਕਦੇ ਜੁੜੇ ਹੀ ਨਹੀਂ ਸਨ ।

ਉਸ ਨੇ ਰੋਹ ਦੀ ਉਬਲਦੀ ਜਵਾਲਾ ਨੂੰ ਅੰਦਰ ਹੀ ਘੁਟ ਲਿਆ ਸੀ ਤੇ ਬਿਨਾਂ ਕੁਝ ਬੋਲਿਆਂ ਘਰ ਆ ਗਈ ਸੀ, ਇਸ ਜਵਾਲਾ ਨੂੰ ਅਨੇਕਾਂ ਵਾਰ ਉਸਨੇ ਅੰਦਰ ਘੁਟ ਘੁਟ ਕੇ ਰਖਿਆ ਸੀ ।

ਡਾਕਟਰ ਨੇ ਦਸਿਆ ਸੀ ਕਿ ਦਵਾਈ ਦੀਆਂ ਪੁੜੀਆਂ ਲੌਂਗਾਂ ਅਤੇ ਲਾਚੀਆਂ ਵਿਚ ਉਬਾਲ ਕੇ ਦੇਣੀਆਂ ਹਨ ।

ਲੌਂਗ ਤੇ ਲਾਚੀਆਂ ਉਹ ਕਿੱਥੋਂ ਲਵੇਗੀ ? ਉਸ ਸੋਚਿਆ ਸੀ । ਉਸ ਕੋਲੋਂ ਤਾਂ ਆਟਾ ਵੀ ਨਹੀਂ ਸੀ ਖ਼ਰੀਦਿਆ ਜਾਂਦਾ ।

ਤੇ ਸਵੇਰੇ ਹੀ ਉਹ ਪ੍ਰਣ ਕਰਕੇ ਨਿਕਲੀ ਸੀ ਕਿ ਸਿੱਟੇ ਚੁਗ ਕੇ ਤੇ ਝਾੜ ਕੇ ਦਾਣੇ ਵੇਚੇਗੀ ਤੇ ਲੌਂਗਾਂ, ਲਾਚੀਆਂ ਦਾ ਪ੍ਰਬੰਧ ਕਰੇਗੀ ।

ਇਸੇ ਕਰਕੇ ਕਾਹਲੀ ਵਿਚ ਉਹ ਸਵੇਰੇ ਆਪਣੇ ਆਦਮੀ ਨੂੰ ਦੌਰੇ ਦੀ ਹਾਲਤ ਵਿਚ ਹੀ ਛੱਡ ਕੇ ਤੁਰ ਪਈ ਸੀ, ਬੱਚੇ ਉਹਦੇ ਭੁੱਖ ਨਾਲ ਵਿਲ੍ਹਕਦੇ ਉਹਨੂੰ ਵਾਜਾਂ ਮਾਰਦੇ ਰਹੇ ਸਨ, ਇਹ ਵਾਜਾਂ ਉਸਨੂੰ ਦੂਰ ਤਕ ਸੁਣੀਂਦੀਆਂ ਰਹੀਆਂ ਸਨ ।

IMPORTERS EXPORTERS WHOLESALERS RETAILERS

**ROKKO SAREES & FABRICS**

6201 FRASER ST., (At 46th Ave.) VANCOUVER-15, B.C., CANADA.

PHONE: 327-3033

OWNED AND OPERATED BY B.S. KHURANA AND SONS AND GRANDSONS

ਭੁਖੀ ਤ੍ਰਿਹਾਈ ਸਾਰਾ ਦਿਨ ਉਹ ਸਿੱਟੇ ਚੁਗਦੀ ਰਹੀ, ਉਸਦੇ ਚਿਹਨ ਵਿਚ ਰੋਗੀ ਪਤੀ ਤੇ ਭੁੱਖੇ ਬੱਚਿਆਂ ਦੀਆਂ ਸ਼ਕਲਾਂ ਬਣਦੀਆਂ ਮਿਟਦੀਆਂ ਰਹੀਆਂ।

"ਜਦ ਪ੍ਰੀਤੋ ਅਸੀਂ ਫ਼ੌਜ 'ਚ ਹੁੰਦੇ ਸੀ ਉਦੋਂ ਦੀ ਗੱਲ ਹੈ" ਰਸਾਲਦਾਰ ਨੇ ਆਪਣੀ ਵਾਰਤਾ ਦਾ ਆਦਿ ਕੀਤਾ ਤੇ ਪ੍ਰੀਤੋ ਦੀ ਸੋਚ ਭੰਗ ਹੋ ਗਈ। "ਸਾਡੇ ਤੰਬੂਆਂ ਦੀ ਸਫ਼ਾਈ ਕਰਨ ਲਈ ਇਕ ਭੰਗੀ ਰੋਜ਼ ਆਉਂਦਾ ਹੁੰਦਾ ਸੀ, ਸਹੁਰੇ ਪਿਓ ਦੇ ਨੇ ਬੁੱਢੇ ਵਾਰੇ ਇਕ ਲਵੀ ਤੇ ਸੁੰਦਰ ਪੱਠੀ ਵਿਆਹ ਲਿਆਂਦੀ।"

"ਜੀ..." ਪ੍ਰੀਤੋ ਦੇ ਖ਼ਿਆਲਾਂ 'ਚ ਅਜੇ ਵੀ ਤੇ ਪਤੀ ਤੇ ਬੱਚਿਆਂ ਦੇ ਚਿਹਰੇ ਬਣਦੇ ਮਿਟਦੇ ਪਏ ਸਨ।

"ਕੁਝ ਦਿਨਾਂ ਪਿੱਛੋਂ ਭੰਗੀ ਬੀਮਾਰ ਹੋ ਗਿਆ" ਰਸਾਲਦਾਰ ਨੇ ਫਿਰ ਵਾਰਤਾ ਦੀ ਤੰਦ ਜਾ ਫੜੀ, "ਤੇ ਉਸ ਦੀ ਨਵੀਂ ਵਿਆਹੀ ਤੀਵੀਂ ਸਾਡੇ ਤੰਬੂਆਂ ਦੀ ਸਫ਼ਾਈ ਕਰਨ ਲਈ ਆਉਣ ਜਾਣ ਲੱਗ ਪਈ।"

ਪ੍ਰੀਤੋ ਚੁੱਪ ਰਹੀ, ਉਹਦੀ ਸੋਚ ਅਜੇ ਨਹੀਂ ਸੀ ਮੁੜੀ। ਰਸਾਲਦਾਰ ਕਹਿੰਦਾ ਗਿਆ :

"ਤੀਮੀਂ ਉਹਦੀ ਅਜੇ ਲਵੀ ਪੱਠੀ, ਗੋਰੀ ਨਿਛੋਹ, ਹੱਥ ਲਾਇਆਂ ਮੈਲੀ ਹੋਵੇ ਤੇ ਤਕੜਾ ਸਾਥ ਚਾਹੇ।" ਰਸਾਲਦਾਰ ਖੀ...ਖੀ...ਖੀ... ਕਰਕੇ ਇਕ ਭੱਦੀ ਜਿਹੀ ਹਾਸੀ ਹਸਿਆ ਤੇ ਕਹਿੰਦਾ ਰਿਹਾ :

"ਚੂਹੜੀ ਤਾਂ ਉਹ ਉੱਕੀ ਨਾ ਲੱਗੇ ਰੋਜ਼ ਆਵੇ ਤੇ ਉਦਾਸ ਉਦਾਸ ਤੇ ਘੁਟੀ ਘੁਟੀ ਰਿਹਾ ਕਰੇ, ਪਹਿਲਾਂ ਤੇ ਸਾਡੇ ਨਾਲ ਬੋਲਿਆ ਹੀ ਨਾ ਕਰੇ।"

"ਹੂੰ...ਅ" ਪ੍ਰੀਤੋ ਨੇ ਕਿਹਾ, ਉਹਦੀ ਸੋਚ ਉਹਦੇ ਘਰੋਂ ਨਹੀਂ ਸੀ ਮੁੜੀ। ਉਹਦੀ ਕਲਪਨਾ 'ਚ ਬੀਮਾਰ ਪਤੀ ਤੇ ਭੁੱਖ ਨਾਲ ਵਿਲ੍ਹੂੰ ਵਿਲ੍ਹੂੰ ਕਰਦੇ ਬੱਚੇ ਉਸ ਤੋਂ ਖਾਣ ਨੂੰ ਕੁਝ ਮੰਗ ਰਹੇ ਸਨ। ਰਸਾਲਦਾਰ ਦੀ ਕਹਾਣੀ ਨਾਲ ਉਸਨੂੰ ਰਤਾ ਦਿਲਚਸਪੀ ਨਹੀਂ ਸੀ, ਸਗੋਂ ਉਹਦੀ ਕਹਾਣੀ ਦਾ ਹਰ ਸ਼ਬਦ ਉਸਨੂੰ ਵਿਹੁ ਵਿਚ ਨਹ੍ਹਾ ਕੇ ਆਇਆ ਜਾਪਦਾ ਸੀ।

ਕੁੜੀ ਉਹਦੀ ਇੱਕੋ ਸਾਹੇ ਰੋਈ ਜਾ ਰਹੀ ਸੀ ਤੇ ਉਸਦਾ ਨਰਮ ਨਾਜ਼ਕ ਤਨ ਲਾਲ ਹੁੰਦਾ ਜਾ ਰਿਹਾ ਸੀ।

"ਹੌਲੀ ਹੌਲੀ ਉਹ ਸਾਡੇ ਨਾਲ ਖੁੱਲ੍ਹਣ ਲਗ ਪਈ", ਰਸਾਲਦਾਰ ਕਹਿੰਦਾ ਗਿਆ। "ਇਕ ਦਿਨ ਮੈਂ ਤੇ ਇਕ ਸਾਡੀ ਰੈਜਮੈਂਟ ਵਿਚ ਸੂਬੇਦਾਰ ਖ਼ੁਸ਼ਹਾਲ ਸਿੰਘ ਹੁੰਦਾ ਸੀ, ਅਸੀਂ ਦੋਨਾਂ ਨੇ ਉਸਨੂੰ ਅੱਧ ਸੇਰ ਪੱਕੀਆਂ ਜਲੇਬੀਆਂ ਲੈ ਕੇ ਦਿੱਤੀਆਂ ਤੇ ਨਾਲੇ ਰਾਤ ਰੱਖੀ। ਹੀ...ਹੀ...ਹੀ...ਹੀ...ਹੀ..." ਤੇ ਰਸਾਲਦਾਰ ਇਕ ਖਚਰੀ ਹਾਸਾ ਹਸਿਆ।

ਪ੍ਰੀਤੋ ਨੇ ਕੋਈ ਹੁੰਗਾਰਾ ਨਾ ਦਿੱਤਾ ਤੇ ਆਪਣੀ ਬੱਚੀ ਵਲ ਭਰੀਆਂ ਅੱਖਾਂ ਨਾਲ ਵੇਖਿਆ, ਉਹਦਾ ਨਰਮ, ਅੱਲਾ ਬਦਨ ਤੜਪਿਆ ਪਿਆ ਸੀ, ਨਿੱਕੀਆਂ ਨੰਨ੍ਹੀਆਂ ਲਤਾਂ ਕਣਕ ਦੀਆਂ ਮੁਢੀਆਂ ਵਿਚ ਮਾਰ ਮਾਰ ਕੇ ਉਸਨੇ ਖ਼ੂਨੋ ਖ਼ੂਨ ਕਰ ਲਈਆਂ।

ਪ੍ਰੀਤੋ ਦਾ ਅੰਦਰ ਲਰਜ਼ ਗਿਆ, ਇਕ ਰਸਾਲਦਾਰ ਸੀ ਕਿ ਆਪਣੀ ਕਹਾਣੀ ਨੂੰ ਪ੍ਰੀਤੋ ਦੇ ਉਪਰ ਡੋਲ੍ਹਣ ਤਕ ਤੁਲਿਆ ਹੋਇਆ ਸੀ।

"ਲੈ ਪ੍ਰੀਤੋ! ਉਸੇ ਦਿਨ ਤੋਂ ਉਸ ਚੂਹੜੀ ਦੀ ਉਦਾਸੀ ਦੂਰ ਹੋ ਗਈ, ਫਿਰ ਉਹ ਜਦ ਵੀ ਮਿਲਿਆ ਕਰੇ, ਕਲੀਆਂ ਵਾਂਗ ਖਿੜੀ ਹੋਈ, ਜਿਵੇਂ ਉਸਨੂੰ ਆਪਣੇ ਆਦਮੀ ਦੇ ਨਕਾਰਾ ਹੋਣ ਦਾ ਦੁਖ ਈ ਕੋਈ ਨਾ ਹੋਵੇ।" ਰਸਾਲਦਾਰ ਨੇ ਆਪਣੀ ਕਹਾਣੀ ਖ਼ਤਮ ਕੀਤੀ ਤੇ ਘਟੀਆ ਕਿਸਮ ਦਾ ਹਾਸਾ ਹਸਦਾ ਰਿਹਾ।

ਪ੍ਰੀਤੋ ਨੇ ਰਸਾਲਦਾਰ ਦੀ ਕਹਾਣੀ ਨੂੰ ਅਣ-ਸੁਣੀ ਕਰਕੇ ਆਪਣੀ ਕੁੜੀ ਨੂੰ ਚੁਕਿਆ, ਹਿੱਕ ਨਾਲ ਲਾਇਆ ਤੇ ਫਟਿਆ ਹੋਇਆ ਜੈਂਪਰ ਉਤਾਂਹ ਚੁੱਕ ਕੇ ਛਾਤੀ ਦਾ ਇਕ ਪਾਸਾ ਨੰਗਾ ਕਰਕੇ ਕੁੜੀ ਨੂੰ ਦੁੱਧ ਚੁੰਘਾਉਣ ਲੱਗ ਪਈ।

ਕੁੜੀ ਨੇ ਥਣ ਮੂੰਹ ਵਿਚ ਪਾ ਕੇ ਦਬਿਆ, ਪ੍ਰੀਤੋ ਦੇ ਅੰਦਰ ਮਾਂ ਵਾਲੀ ਮਮਤਾ ਜਾਗ ਪਈ, ਆਪਣੀ ਬੱਚੀ ਦਾ ਪਿਓ ਉਸ ਨੂੰ ਬੜੀਆਂ ਮਜਬੂਰੀਆਂ ਵਿਚ ਗ੍ਰਸਿਆ ਇਕ ਮਾਸੂਮ ਅਤੇ ਸੁਹਿਰਦ ਬੰਦਾ ਜਾਪਿਆ, ਉਹਦਾ ਹਿਰਦਾ ਆਪਣੇ ਬੱਚਿਆਂ ਲਈ ਪਿਆਰ ਅਤੇ ਆਪਣੇ ਪਤੀ ਲਈ ਤਰਸ ਨਾਲ ਭਰ ਗਿਆ।

ਸਾਮ੍ਹਣੇ ਖੜਾ ਤੇ ਗੁਰਬਾਣੀ ਦੀ ਤੁਕ ਨੂੰ ਬਾਰ ਬਾਰ ਗੁਣ ਗੁਣਾਉਂਦਾ ਰਸਾਲਦਾਰ ਛੱਜਾ ਸਿੰਘ ਉਸਨੂੰ ਵਿਕਰਾਲ ਰਾਖਸ਼ ਵਰਗਾ ਜਾਪਿਆ।

"ਜਿਸ ਬਾਬੇ ਦੀ ਇਹ ਬਾਣੀ ਪੜ੍ਹਦਾ, ਉਸ ਨੂੰ ਤੇ ਗੁਰਦੁਆਰੇ ਲੋਕ ਕੋਈ ਬਹੁਤ ਬੜਾ ਬੰਦਾ ਦਸਦੇ ਹੁੰਦੇ ਆਂ', ਪ੍ਰੀਤੋ ਨੇ ਸੋਚਿਆ।

ਪ੍ਰੀਤੋ ਨੂੰ ਇਕੋ ਸਮੇਂ ਰਸਾਲਦਾਰ ਦੇ ਅੰਦਰ ਅਨੇਕਾਂ ਕੌਡੇ ਰਾਖਸ਼, ਸੱਜਣ ਠੱਗ, ਮਲਕ ਭਾਗੋ ਤੇ ਵਲੀ ਕੰਧਾਰੀ ਜਾਗੇ ਹੋਏ ਜਾਪੇ।

ਭਰੀਆਂ ਖ਼ਤਮ ਹੋ ਗਈਆਂ ਸਨ, ਰਸਾਲਦਾਰ ਦੇ ਮੁੰਡੇ ਅਤੇ ਲਾਵੇ ਖੂਹ ਤੇ ਚਲੇ ਗਏ ਸਨ, ਬਸ ਰਸਾਲਦਾਰ ਉਥੇ ਸੀ ਤੇ ਜਾਂ ਸਿੱਟੇ ਚੁਗਦੀ ਪ੍ਰੀਤੋ।

ਰਸਾਲਦਾਰ ਚਾਹੁੰਦਾ ਸੀ ਕਿ ਅੱਜ ਪ੍ਰੀਤੋ ਦੇ ਸੰਦਲੀ ਜਿਸਮ ਦੀ ਛੋਹ ਜ਼ਰੂਰ ਪ੍ਰਾਪਤ ਕਰਕੇ ਜਾਣਾ ਹੈ।

ਪ੍ਰੀਤੋ ਚਾਹੁੰਦੀ ਸੀ—ਵਧ ਤੋਂ ਵਧ ਸਿੱਟੇ ਚੁਗ ਕੇ ਘਰ ਮੁੜੇ ਤਾਂਕਿ ਨਿੱਕੇ ਨੂੰ ਸਾਬਤੀ ਰੋਟੀ ਬਣਾ ਕੇ ਦੇ ਸਕੇ ਤੇ ਉਹਦਾ ਇਕਰਾਰ ਪੂਰਾ ਹੋ ਸਕੇ, ਨਿੱਕੇ ਦੇ ਪਿਓ ਲਈ ਲੌਂਗਾਂ ਤੇ ਲਾਚੀਆਂ ਦਾ ਪ੍ਰਬੰਧ ਕੀਤਾ ਜਾ ਸਕੇ।

"ਪ੍ਰੀਤੋ, ਐਥੇ ਆ ਰਤਾ ਗੱਲ ਸੁਣ" ਰਸਾਲਦਾਰ ਨੇ ਵਾਜ ਮਾਰ ਕੇ ਪ੍ਰੀਤੋ ਨੂੰ ਕੋਲ ਸੱਦਿਆ ਤੇ ਕਣਕ ਦੀ ਇਕ ਸਥਰੀ ਜੋ ਭਰੀਆਂ ਤੋਂ ਵਾਧੂ ਸੀ ਤੇ ਰਸਾਲਦਾਰ ਨੇ ਆਡ ਵਿਚ ਰੱਖੀ ਹੋਈ ਸੀ, ਪ੍ਰੀਤੋ ਦੇ ਮੂਹਰੇ ਚੁੱਕ ਕੇ ਮਾਰੀ ਤੇ ਬੋਲਿਆ :

IMPORTERS EXPORTERS WHOLESALERS RETAILERS
**ROKKO SAREES & FABRICS**
OWNED AND OPERATED BY B.S. KHURANA AND SONS AND GRANDSONS
S-39, GREEN PARK, NEW DELHI-16, INDIA. PHONE: 77790

"ਐਵੇਂ ਨਾ ਸੰਗਦੀ ਰਿਹਾ ਕਰ, ਸਾਰੇ ਦਿਨ ਦੀ ਧੁੱਪ ਸਿਰ 'ਚ ਪੁਆਈ ਆ ਤੇ ਪੈਰ ਕਾਣੇ ਕੀਤੇ ਆ, ਚੁੱਕ ਸਥਰੀ ਤੇ ਆਨੰਦ ਕਰ।"

ਪ੍ਰੀਤੋ ਨੂੰ ਜਾਪਿਆ ਜਿਵੇਂ ਉਹਦੀ ਇਸਤ੍ਰੀਅਤ ਤੇ ਸਵੈਮਾਨ ਇਸ ਸਥਰੀ ਹੇਠ ਦਬਦਾ ਜਾ ਰਿਹਾ ਹੋਵੇ। ਕਣਕ ਦੀ ਸਥਰੀ ਉਸਨੂੰ ਪਹਾੜ ਵਰਗੀ ਜਾਪੀ—ਪਹਾੜ ਜਿਹੜਾ ਕਦੇ ਅਧਿਕਾਰ ਦੀ ਵਰਤੋਂ ਕਰਨ ਲਈ ਜ਼ੁਲੀ ਕੰਧਾਰੀ ਨੇ ਰੋੜ੍ਹਿਆ ਸੀ। ਪਰ ਇਹ ਸਥਰੀ ਉਸਦੇ ਸੁਫ਼ਨਿਆਂ ਵਿਚ ਇਕ ਦਿਨ ਲਈ ਰੰਗ ਵੀ ਤੇ ਭਰ ਸਕਦੀ ਸੀ। ਸੋਚ ਕੇ ਉਹ ਸਥਰੀ ਚੁੱਕਣ ਲਈ ਝੁਕੀ।

ਜਿਉਂ ਉਹ ਝੁਕੀ ਰਸਾਲਦਾਰ ਨੇ ਉਹਦੀ ਜੰਪਰ ਦੇ ਲੰਗਾਰ 'ਚੋਂ ਹੱਥ ਲੰਘਾ ਕੇ ਉਹਦੀ ਛਾਤੀ ਫੜ ਲਈ।

ਪ੍ਰੀਤੋ ਦਾ ਅੰਦਰ ਬਲ ਉਠਿਆ, ਕਈ ਸਾਲਾਂ ਤੋਂ ਅੰਦਰ ਘੁਟ ਕੇ ਰੱਖੀ ਜਵਾਲਾ ਫੁਟ ਪਈ, ਲੋੜਾਂ ਤੇ ਮਜਬੂਰੀਆਂ ਦੇ ਚੌਖਟੇ ਵਿਚ ਹੰਭ ਹਾਰ ਕੇ ਬਹਿ ਗਈ ਇਸਤ੍ਰੀ ਜਿਵੇਂ ਉਹਦੇ ਅੰਦਰ ਫਿਰ ਪ੍ਰਚੰਡ ਹੋ ਉਠੀ, ਉਹਦੇ ਵਲਵਲਿਆਂ ਵਿਚ ਰਾਣੀ ਝਾਂਸੀ, ਦੁਰਗਾ ਤੇ ਰਾਣੀ ਸਾਹਿਬ ਕੌਰ ਵਾਲਾ ਰੋਹ ਮਚ ਉਠਿਆ। ਉਹ ਗਰਜੀ :

"ਕੁਤਿਆ ਕਮੀਨਿਆ! ਬੇਸ਼ਰਮਾ ਕੰਜਰਾ !! ਮੇਰੇ ਪੇ ਦਿਆ ਸਾਲਿਆ !!! ਆਪਣੀ ਭੈਣ ਦੀ ਛਾਤੀ ਫੜ ਗੰਦੀਏ ਜੂੰਏਂ।" ਤੇ ਉਸਨੇ ਧੜਾ ਧੜ ਚਪੇੜਾਂ ਜੜਨੀਆਂ ਸ਼ੁਰੂ ਕਰ ਦਿੱਤੀਆਂ। ਇਕ, ਦੋ, ਤਿੰਨ, ਚਾਰ, 'ਪੰਜ, ਛੇ, ਤੇ ਇਹ ਸਿਲਸਿਲਾ ਚਲਦਾ ਰਿਹਾ।

ਰਸਾਲਦਾਰ ਦੇ ਅੰਗ ਸੀਤ ਹੋ ਗਏ, ਉਹਦੀ ਸਾਰੀ ਸ਼ਕਤੀ ਜਿਵੇਂ ਮੂਰਛਿਤ ਹੋ ਗਈ, ਉਸਨੂੰ ਸਮਝ ਨਾ ਆਵੇ ਕਿ ਕੀ ਕਰੇ। ਇਸ ਤਰ੍ਹਾਂ ਦੀ ਘਟਨਾ ਉਸ ਨਾਲ ਅੱਗੇ ਕਦੇ ਨਹੀਂ ਸੀ ਵਾਪਰੀ, ਉਹ ਡੌਰਿਆਂ ਵਾਂਗ ਚਪੇੜਾਂ ਖਾਂਦਾ ਰਿਹਾ।

ਨੇੜਿਓਂ ਹੀ ਖੂਹ ਤੋਂ ਰੌਲਾ ਸੁਣ ਕੇ ਰਸਾਲਦਾਰ ਦੇ ਮੁੰਡੇ ਆ ਗਏ, ਵੱਡੇ ਦੋਵਾਂ ਮੁੰਡਿਆਂ ਨੇ ਜੁੱਤੀਆਂ ਲਾਹ ਕੇ ਪ੍ਰੀਤੋ ਦੀ ਪਿੱਠ ਅਤੇ ਸਿਰ ਤੇ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਉਹ ਉਦੋਂ ਤਕ ਮਾਰਦੇ ਰਹੇ, ਮਾਰਦੇ ਰਹੇ ਜਦ ਤਕ ਉਹ ਬੇ-ਹੋਸ਼ ਹੋ ਕੇ ਨਾ ਡਿਗ ਪਈ।

ਰਸਾਲਦਾਰ ਨੇ ਆਲਾ ਦੁਆਲਾ ਵੇਖਿਆ, ਨੇੜੇ ਕੋਈ ਨਹੀਂ ਸੀ, ਹਨੇਰਾ ਸੰਘਣਾ ਹੋਣ ਲੱਗ ਪਿਆ ਸੀ, ਰਸਾਲਦਾਰ ਨੇ ਪਰਲੇ ਖੇਤ ਵਿਚ ਪਈ ਖੋਰੀ ਉਤੇ ਸੀਰੀ ਤੋਂ ਚਾਰ ਪੰਜ ਭਰੀਆਂ ਚੁਕ ਕੇ ਰਖਾਈਆਂ ਤੇ ਖੋਰੀ (ਗੰਨਿਆਂ ਦੇ ਛਿਲੜਾਂ) ਨੂੰ ਹੇਠ ਤੀਲ ਬਾਲ ਕੇ ਲਾ ਦਿੱਤੀ। ਫਿਰ ਉੱਚੀ ਉੱਚੀ ਰੌਲਾ ਪਾਉਣ ਲਗ ਪਿਆ।

ਕਈ ਲੋਕ ਇਕੱਠੇ ਹੋ ਗਏ ਤੇ ਪੁੱਛਣ ਲੱਗ ਪਏ "ਕੀ ਗੱਲ ਏ ਰਸਾਲਦਾਰ ਜੀ ? ਅੱਗ ਕਿਵੇਂ ਲੱਗ ਗਈ ?" ਅਗ ਬੁਝਣ ਲਗ ਪਈ ਸੀ।

"ਗੱਲ ਯਾਰ ਕੀ ਹੋਣੀ ਸੀ, ਅਹ ਜਗਤੇ ਚੁਮਾਰ ਦੀ ਗੁੰਡੀ ਰੰਨ ਖਲ੍ਹੀ ਨਾਲੋਂ ਸਿੱਟੇ ਤੋੜੇ। ਮੈਂ ਰਤਾ ਦਬਕੀ ਤੇ ਦਬਕ ਕੇ ਖੂਹ ਤੇ ਚਲੇ ਗਿਆ, ਪਿਛੋਂ ਤੀਲ੍ਹ ਲਾ ਕੇ ਖਿਸਕ ਗਈ। ਇਹ ਕੰਮੀਂ ਕਮੀਣ ਸਾਲੇ ਸਿਰ ਨੂੰ ਚੜ੍ਹਦੇ ਆਉਂਦੇ ਆ, ਐਸਾ ਕਲਜੁਗ ਆਇਆ, ਇਨ੍ਹਾਂ ਨੂੰ ਚੱਕ ਸੱਚਾ ਵਾਹਿਗੁਰੂ।" ਰਸਾਲਦਾਰ ਗੱਜਿਆ।

ਪਰਲੇ ਖੇਤ ਵਿਚ ਪ੍ਰੀਤੋ ਅਜੇ ਵੀ ਬੇ-ਸੁਧ ਪਈ ਸੀ, ਨਿੱਕੀ ਜਿਹੀ ਉਹਦੀ ਕੁੜੀ ਉਹਦੇ ਨੇੜੇ ਬੈਠੀ ਉਹਦੀ ਛਾਤੀ ਨੂੰ ਚਰੂੰਢ ਰਹੀ ਸੀ ਪਰ ਦੁੱਧ ਨਿਕਲ ਨਹੀਂ ਸੀ ਰਿਹਾ।

ਰਸਾਲਦਾਰ ਦਾ ਛੋਟਾ ਮੁੰਡਾ ਸਾਈਕਲ ਚੁਕ ਕੇ ਥਾਣੇ ਚਲੇ ਗਿਆ ਤੇ ਰਾਤ ਨੂੰ ਹੀ ਪੁਲਿਸ ਲੈ ਆਇਆ, ਰਾਤ ਨੂੰ ਉਨ੍ਹਾਂ ਮੁਰਗ਼ਾ ਬਣਾਇਆ ਤੇ ਠੇਕਿਓਂ ਦੋ ਬੋਤਲਾਂ ਮੰਗਵਾਈਆਂ, ਸਾਰੀ ਰਾਤ ਜਸ਼ਨ ਚਲਦਾ ਰਿਹਾ।

ਪ੍ਰੀਤੋ ਕੁੱਟ ਦੀ ਭੰਨੀ ਕਿੰਨੀ ਦੇਰ ਖੇਤ ਵਿਚ ਪਈ ਰਹੀ, ਤੇ ਉਹਦੀ ਕੁੜੀ ਉਸਦੀ ਵੱਖੀ ਦੇ ਸਹਾਰੇ ਉਹਦਾ ਥਣ ਮੂੰਹ ਵਿਚ ਪਾ ਕੇ ਘੂਕ ਸੁੱਤੀ ਰਹੀ। ਜਦੋਂ ਉਸ ਨੂੰ ਹੋਸ਼ ਆਈ ਤਾਂ ਤਾਰੇ ਨਿਕਲ ਆਏ ਸਨ। ਕੁੜੀ ਨੂੰ ਚੁਕ ਕੇ ਉਹ ਡਿਗਦੀ ਢਹਿੰਦੀ ਘਰ ਪੁੱਜੀ। ਉਸ ਦਾ ਆਦਮੀ ਘਰ ਨਹੀਂ ਸੀ। ਉਸ ਦੇ ਬੱਚੇ ਰੋ ਰਹੇ ਸਨ। ਮਾਂ ਨੂੰ ਵੇਖ ਕੇ ਉਹ ਉਹਦੇ ਨਾਲ ਚੰਬੜ ਗਏ। ਪ੍ਰੀਤੋ ਵਿਹੜੇ ਵਿਚ ਜ਼ਮੀਨ ਤੇ ਹੀ ਢਹਿ ਪਈ। ਬੱਚੇ ਉਹਦੇ ਨਾਲ ਹੀ ਚੰਬੜ ਕੇ ਰੋਂਦੇ ਰੋਂਦੇ ਆਪਣੀ ਬੇਸੁਧ ਮਾਂ ਨਾਲ ਸੌਂ ਗਏ।

ਜਿਸ ਵੇਲੇ ਉਹਨੂੰ ਮੁੜ ਹੋਸ਼ ਆਈ, ਪ੍ਰਭਾਤ ਹੋ ਚੁਕੀ ਸੀ। ਉਹ ਘਰੋਂ ਬਾਹਰ ਆਪਣੇ ਮਾਲਕ ਦਾ ਪਤਾ ਕਰਨ ਲਈ ਨਸ ਪਈ। ਕਿਸੇ ਉਸਨੂੰ ਦਸਿਆ ਕਿ ਉਸਨੂੰ ਸਿਪਾਹੀ ਫੜ ਕੇ ਥਾਣੇ ਲੈ ਗਏ ਸਨ। ਅਭੜਵਾਹੀ ਪ੍ਰੀਤੋ ਥਾਣੇ ਵਲ ਟੁਰ ਪਈ।

ਦੂਰ ਪਰੇ ਚੜ੍ਹਦੇ ਵਲ ਸੂਰਜ ਪਹਾੜੀਆਂ ਦੀ ਮਾਂਗ ਵਿਚ ਸੰਧੂਰ ਭਰ ਰਿਹਾ ਸੀ। ਜਦੋਂ ਪ੍ਰੀਤੋ ਠਾਣੇ ਦੇ ਨੇੜੇ ਪੁੱਜੀ ਤਾਂ ਉਸਦੇ ਕੰਨਾਂ ਵਿਚ ਆਪਣੇ ਪਤੀ ਜਗਤੇ ਦੀਆਂ ਚੀਕਾਂ ਕੱਚ ਦੀਆਂ ਕੰਕਰਾਂ ਵਾਂਗ ਚੁਭਣ ਲਗੀਆਂ। ●




## ਪਾਠਕਾਂ ਦੇ ਨਾਂ

* ਜੇਕਰ ਤੁਹਾਡਾ ਪਤਾ ਬਦਲੇ; ਆਪਣਾ ਨਵਾਂ ਪਤਾ, ਫੋਨ ਨੰ: ਤੇ ਜ਼ਿਪ ਨੰ: (ਜੋ ਤੁਹਾਡੇ ਐਡਰੈੱਸ ਤੇ ਦਰਜ ਕੀਤਾ ਹੁੰਦਾ ਹੈ) ਜਲਦੀ ਸਾਨੂੰ ਭੇਜੋ!
* ਕਿਸੇ ਮਹੀਨੇ ਪਰਚਾ ਨਾ ਮਿਲੇ, ਸਾਨੂੰ ਸੂਚਿਤ ਕਰੋ।
* ਡਾਕ-ਪ੍ਰਬੰਧ 'ਚ ਤੇਜ਼ੀ ਲਈ ਆਪਣਾ ਕੋਡ ਨੰਬਰ ਸਾਨੂੰ ਲਿਖਣਾ ਨਾ ਭੁੱਲੋ!

ਕਰਮਜੀਤ ਘੁਮਾਣ
(ਸਰਕੂਲੇਸ਼ਨ ਮੈਨੇਜਰ)


IMPORTERS EXPORTERS WHOLESALERS RETAILERS
**ROKKO SAREES & FABRICS**
27- SUSSEX RD., SOUTH CROYDON. LONDON, ENGLAND
Phone 688-4590
OWNED AND OPERATED BY B.S. KHURANA AND SONS AND GRANDSONS

# CENTURY TRAVEL SERVICE



204—3310 FRASER STREET
VANCOUVER, B.C., CANADA V5V 4C1

OFF: 874-9429
RES: 681-3668

LOWEST FARES TO INDIA, PAKISTAN, FIJI, EUROPE, AND ALL OVER THE WORLD.

WE ALSO HELP IN GETTING PASSPORTS, VISAS AND IMMIGRATION PAPERS, ETC.

GURSHARAN SANDHU

ਸੈਂਚਰੀ ਟਰੈਵਲ ਸਰਵਿਸ

204-3310 ਫਰੇਜ਼ਰ ਸਟਰੀਟ, ਵੈਨਕੋਵਰ, ਬੀ.ਸੀ., ਕੈਨੇਡਾ

OFF: 874-9429 RES: 681-3668

B. R. CONTRACTORS
for
ELECTRICAL WIRING
IN

NEW HOUSES (RESIDENTIAL, COMMERCIAL & DOMESTIC)
INSTALLATION AND REPAIRS OF WASHERS, DRYERS AND STOVES

FRAMING

FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF

BACK HOE SERVICE

DIGGING, TRENCHING, SEWERS, BACK FILLING ETC.



580—Rubber wheeled backhoe

CONTACT:
TARLOCHAN BAINS

1363—E. 12th Avenue,
Vancouver, B.C.

Business: 879-2063

Mobile phone: JR3-0454 (via operator)

THERE'S LIFE AT MARS

MARS REALTY LTD.
5467 VICTORIA DR., VANCOUVER, B.C.
327-8315



ਹਰ ਪ੍ਰਕਾਰ ਦੀ ਜਾਇਦਾਦ-
RESIDENTIAL, COMMERCIAL &
REVENUE - ਖਰੀਦਣ ਜਾਂ ਵੇਚਣ ਸਮੇਂ
ਤੁਹਾਨੂੰ ਤਜਰਬੇਕਾਰ ਅਗਵਾਈ ਦੇਣ ਵਾਲੇ

ਦਰਸ਼ਨ ਬਰਾੜ

*Darshan Brar*

*Res. 433-3334*

MORTGAGES – APPRAISALS – RENTALS – SALES



FOR ANY KIND OF

# INSURANCE

Life, Accident, Sickness,
Mortgage & Children

CONTACT

RUPINDER S. AZAD
M.A., B.Ed.

OF

SEA BOARD LIFE INSURANCE COMPANY

Head Office: 1900 — W. Broadway, Vancouver, B.C

Office: 736-7431 Res. 576-2386

# ਲਹੂ ਵਿਕਦਾ ਹੈ

(ਮੁਖ਼ਤਾਰ ਗਿੱਲ)

ਬਿਸ਼ਨਾ ਆਪਣੀ ਮਖ਼ਮਲੀ ਸੇਜ ਉਤੇ ਸੁੱਤਾ ਸੀ। ਉੱਚਾ ਪੁਲ — ਪੁਲ ਉਤੇ ਖੜੀ ਰਿਕਸ਼ਾ – ਧੜ ਰਿਕਸ਼ੇ ਦੀ ਗੱਦੀ ਉਤੇ ਤੇ ਲੱਤਾਂ ਪੁਲ ਦੇ ਗਾਰਡਰਾਂ ਦੇ ਉਤੇ ਸਨ। ਸਾਰਿਆਂ ਸਿਨਮਿਆਂ ਦੇ ਸ਼ੋਅ ਖ਼ਤਮ ਹੋ ਗਏ ਸਨ। ਪੁਲ ਉਤੇ ਸੁੰਨਸਾਨ ਸੀ – ਕਦੀ ਕਦੀ ਕੋਈ ਟਰੱਕ ਆਦਿ ਲੰਘ ਜਾਂਦਾ। ਫੇਰ ਚੁਪ ਤੋੜਦੀ ਪਰ੍ਹੇ ਬੀਮਾਰ ਪਈ ਬੁਢੜੀ ਮੰਗਤੀ ਦੀ ਪੀੜਾਂ ਭਰੀ ਹੂੰ...ਹੂੰ...ਹਾਏ ਰੱਬਾ ਬਹੁੜ ਕਿਤਿਓਂ...। ਦੂਰ ਤਕ ਨਜ਼ਰ ਮਾਰਿਆਂ ਕਿੰਨੇ ਹੀ ਹੋਰ ਮੰਗਤੇ ਜਾਂ ਮੰਗਤਿਆਂ ਵਰਗੇ ਬੇਰੁਜ਼ਗਾਰ – ਸੁਭਾਸ਼ ਦੇ ਬੁੱਤ ਤੋਂ ਥੋੜਾ ਉਰਾਂ ਪਏ ਸਨ। ਗੱਡੀਆਂ ਦੀ ਫ਼ਕ ਫ਼ਕ ਤੇ ਮੱਛਰਾਂ ਦੇ ਜ਼ਹਿਰੀਲੇ ਡੰਗ ਵੀ ਸਾਡੇ ਬਿਸ਼ਨ ਸਿੰਹੁ ਦੀ ਨੀਂਦ ਉਚਾਟ ਨਹੀਂ ਸੀ ਕਰ ਸਕਦੇ। ਚਾਰ ਵਾਲੀ ਗੱਡੀ ਆਉਣ ਵਿਚ ਅਜੇ ਡੇਢ ਘੰਟਾ ਪਿਆ ਸੀ। ਫੇਰ ਸ਼ਾਇਦ ਕੋਈ ਇੱਕਾ ਦੁੱਕਾ ਸਵਾਰੀ ਜਾਂ ਕੋਈ ਦਰਬਾਰ ਸਾਹਿਬ ਦੇ ਦਰਸ਼ਨਾਂ ਦਾ ਪ੍ਰੇਮੀ ਮਿਲ ਜਾਏ। ਤੇ ਫਿਰ ਓਹੀ ਸਾਰਾ ਦਿਨ ਜੀਊਂਦੀਆਂ ਲਾਸ਼ਾਂ ਖਿਚਣਾ......ਲਹੂ ਦੀ ਆਖ਼ਰੀ ਬੂੰਦ ਤਕ...। ਗੱਡੀ ਨੇ ਇਕ ਲੰਮੀ ਚੀਕ ਮਾਰੀ ਜਿਹੜੀ ਪੁਲ ਹੇਠੋਂ ਬੜੀ ਗੂੰਜੀ ਤੇ ਫਕ ਫਕ ਦਾ ਬੇਸੁਰਾ ਰਾਗ ਅਲਾਪਦੀ — ਧੂੰਏਂ ਦੇ ਬੱਦਲ ਛਡਦੀ ਔਹ ਗਈ — ਔਹ ਗਈ। ਸ਼ਾਇਦ ਕੋਈ ਮਾਲ ਗੱਡੀ ਹੋਵੇ...। ਬਿਸ਼ਨਾ ਸੁੱਤਾ ਸੀ ਤੇ ਸੁੱਤਾ ਰਿਹਾ।

ਰਮਨਾ ਸਪੈਸ਼ਲ ਵਾਰਡ ਦੇ ਵਰਾਂਡੇ ਵਿਚ ਖੜੀ ਸੀ — ਉਸ ਦੇ ਹੱਥ ਵਿਚ ਬੁੱਸੇ ਬਿਸਕੁਟ ਸਨ। ਜਿਹੜੇ ਉਹ ਲੂੰਜੇ ਭੰਗੀ ਨੂੰ ਦੇਣਾ ਚਾਹੁੰਦੀ ਸੀ। ਭੰਗੀ ਨੇ ਦੋਵੇਂ ਹੱਥ ਅਗੇ ਕੀਤੇ। ਰਮਨਾ ਭੰਗੀ ਨਾਲ ਹੱਥ ਛੂਹੇ ਜਾਣ ਦੇ ਡਰੋਂ ਪਹਿਲਾਂ ਹੀ ਛਡ ਦੇਂਦੀ ਸੀ ਤਾਂ ਕਿ ਉਸ ਦੇ ਭ੍ਰਿਸ਼ਟ ਅਤੇ ਗੰਦੇ ਹੱਥਾਂ ਵਲ ਨਾਂ ਤੱਕ ਸਕੇ। ਬਿਸਕੁਟ ਫ਼ਰਸ਼ ਤੇ ਡਿਗ ਪਏ। ਭੰਗੀ – ਜਿਹੜਾ ਸਾਰੀ ਰਾਤ ਮਰੀਜ਼ਾਂ ਨੂੰ ਟੱਟੀ ਪਿਸ਼ਾਬ ਕਰਾਉਂਦਾ ਰਿਹਾ ਸੀ – ਕਿੰਨਾ ਨੀਚ ਕੰਮ ਹੈ ਮੇਰਾ ਤਾਂ ਨੱਕ ਸੜ ਜਾਏ। ਹੂੰ...ਗੰਦੇ ਕਮੀਨੇ ਲੋਕ। ਇਹ ਸੋਚ ਰਮਨਾ ਅੰਦਰ ਚਲੀ ਗਈ।

ਇਸ ਵਾਰਡ ਦੀ ਆਪਣੀ ਸ਼ਾਨ ਹੈ। ਸਾਫ਼ ਸੁਥਰੇ ਬਿਸਤਰੇ, ਪੱਖੇ, ਫ੍ਰਿਜ, ਵਧੀਆ ਫ਼ਰਨੀਚਰ ਗਲ ਕੀ ਸਭ ਅਧੁਨਿਕ ਜ਼ਿੰਦਗੀ ਦੀ ਹਰ ਸਹੂਲਤ ਦਾ ਪ੍ਰਬੰਧ ਕੀਤਾ ਹੋਇਆ ਸੀ। ਸਾਰੇ ਮਰੀਜ਼ ਕਾਰਖ਼ਾਨੇਦਾਰ – ਵਜ਼ੀਰਾਂ ਦੇ ਹਮਸਾਏ ਸਨ। ਤੇ ਜਾਂ ਕੋਈ ਵਪਾਰੀ ਜਾਂ ਸਮੱਗਲਰ। ਚੁਸਤ ਲਿਬਾਸ ਵਿਚ ਖ਼ੂਬਸੂਰਤ ਨਰਸਾਂ ਤਿਤਲੀਆਂ ਵਾਂਗ ਉਡਦੀਆਂ ਫਿਰਦੀਆਂ ਸਨ – ਮੂੰਹਾਂ ਉਤੇ ਫ਼ਰਜ਼ੀ ਮੁਸਕਾਨ ਚਿਪਕਾਈ। ਡਾਕਟਰ ਵੀ ਇਧਰ ਹੀ ਜ਼ਿਆਦਾ ਸਨ ਡੂੰਘੀ ਨਜ਼ਰੇ ਨਾ ਵੀ ਵੇਖੀਏ ਤਾਂ ਵੀ ਜਨਰਲ ਵਾਰਡ ਦੇ ਨਰਕ ਦਾ ਇਸ ਸਵਰਗ ਨਾਲੋਂ ਫ਼ਰਕ ਦਾ ਪਤਾ ਲਗ ਜਾਂਦਾ ਸੀ। ਫ਼ਰਕ ਸੀ ਤਾਂ ਸਿਰਫ਼ ਮੌਤ ਤੇ ਜ਼ਿੰਦਗੀ ਦਾ — ਉਥੇ ਮੌਤ ਦਮ ਘੁਟਦੀ ਹੈ – ਇਥੇ ਜ਼ਿੰਦਗੀ ਸਾਹ ਲੈਂਦੀ ਹੈ – ਖ਼ੁਸ਼ੀਆਂ ਦਾ ਘਰ ਬਣਦੀ ਹੈ।

ਰਮਨਾ ਆਪਣੇ ਮਰੀਜ਼ ਕੋਲ ਗਈ। ਉਹ ਫਿਰ ਬੇਹੋਸ਼ ਹੋ ਚੁਕਿਆ ਸੀ ਦੋ ਤਿੰਨ ਸੀਨੀਅਰ ਡਾਕਟਰ ਤੇ ਚਾਰ ਪੰਜ ਨਰਸਾਂ ਉਸ ਦੇ ਬੈੱਡ ਦੇ ਦੁਆਲੇ ਖੜੀਆਂ ਸਨ। ਇਕ ਉਪਰੇਸ਼ਨ ਕਲ ਹੋਇਆ ਸੀ ਅਤੇ ਇਕ ਦੀ ਲੋੜ ਹੁਣ ਮਹਿਸੂਸ ਕੀਤੀ ਜਾ ਰਹੀ ਸੀ। ਹਰਮੇਸ਼ ਨੂੰ ਥੋੜਾ ਚਿਰ ਪਹਿਲਾਂ ਹੀ ਹੋਸ਼ ਆਈ ਸੀ। ਹਰਮੇਸ਼ ਇਸ ਸ਼ਹਿਰ ਦੀ ਸਭ ਤੋਂ ਵਡੀ ਕਪੜਾ ਮਿੱਲ ਦੇ ਸੇਠ ਹਰੀ ਓਮ ਦਾ ਇਕਲੌਤਾ ਪੁੱਤਰ ਸੀ। ਮਿੱਲ ਦੇ ਸਾਰੇ ਵਰਕਰ "ਛੋਟੇ ਮਾਲਕ" "ਛੋਟੀ ਸਰਕਾਰ" ਜਾਂ "ਛੋਟੇ ਸਾਹਬ" ਆਖਦੇ ਸਨ। ਮਿੱਲ ਦਾ ਸਾਰਾ ਪ੍ਰਬੰਧ ਹਰਮੇਸ਼ ਦੇ ਹੱਥ ਸੀ, ਸੇਠ ਜੀ ਆਪ ਤਾਂ ਨਵੀਂ ਮਿੱਲ ਦੇ ਸਿਲਸਿਲੇ ਵਿਚ ਬੰਬਈ ਗਏ ਹੋਏ ਸਨ।

– "ਉਪ੍ਰੇਸ਼ਨ ਐੱਟ ਟੈਨ...ਅਰੇਂਜ ਬਲੱਡ ਪਲੀਜ਼..." ਵਡੇ ਡਾਕਟਰ ਵੋਹਰਾ ਸਾਹਿਬ ਕਹਿ ਕੇ ਤੁਰ ਗਏ।

ਰਮਨਾ...? ਹਰਮੇਸ਼ ਕੋਲ ਤਰਲੇ ਲੈ ਰਹੀ ਸੀ – ਜ਼ਿੰਦਗੀ ਲਈ ਆਪਣੀ ਖ਼ੁਸ਼ੀ ਲਈ। ਰਮਨਾ ਸੁੰਦਰਤਾ ਦੀ ਮੂਰਤ ਸੀ। ਉਸ ਨੇ ਬੜੀ ਪਿਆਰੀ ਨੀਲੀ ਪ੍ਰਿੰਟ ਦੀ ਕਮੀਜ਼ ਤੇ ਨੀਲੀ ਪਲੇਨ ਖੁਲ੍ਹੀ ਡੁਲ੍ਹੀ ਸਲਵਾਰ ਪਾਈ ਹੋਈ ਸੀ। ਗਲ ਵਿਚ ਲਗਪਗ ਓਸੇ ਰੰਗ ਦੀ ਛਾਪੀ ਹੋਈ ਚੁੰਨੀ ਸੀ। ਲੰਮਾ ਗੋਰਾ ਮੂੰਹ — ਪਤਲੇ ਬੁੱਲ੍ਹ– ਮੋਟੀਆਂ ਮੋਟੀਆਂ ਕਾਲੀਆਂ ਅੱਖਾਂ ਤੇ ਖੁਬੀ ਗੁਲਾਬੀ ਗੱਲ੍ਹ ਤੇ ਚਮਕਦਾ ਮਸਰਾਂ ਦੇ ਦਾਣੇ ਜਿੱਡਾ ਤਿਲ। ਲੰਮੀ ਤੇ ਛੀਟੀ ਜਿਹੀ ਲਗਦੀ ਸੀ। ਮੱਥੇ ਤੇ ਲਾਈ ਜਾਮਨੀ ਬਿੰਦੀ — ਚਿੱਟੇ ਦੰਦਾਂ ਤੇ ਸੁਖਾਵਾਂ ਜਿਹਾ ਪ੍ਰਭਾਵ ਪਾ ਰਹੀ ਸੀ। ਉਹ ਏਸੇ ਸ਼ਹਿਰ ਦੇ ਇਕ ਡਾਕਟਰ ਦੀ ਬੇਟੀ ਸੀ। ਬੀ. ਏ. ਦੀ ਪ੍ਰੀਖਿਆ ਉਸ ਦਿਤੀ ਸੀ ਤੇ ਹਰਮੇਸ਼ ਨਾਲ ਮੁਲਾਕਾਤ ਉਸ ਦੀ ਪਿਛਲੇ ਦਿਨੀਂ ਰਾਇਲ ਕਲੱਬ ਵਿਚ ਹੋਈ ਸੀ। ਉਹ ਉਸ ਦੀ ਅਮੀਰੀ ਤੇ ਰਿਸ਼ਟ ਪੁਸ਼ਟ ਸਰੀਰ ਨੂੰ ਵੇਖ ਕੇ ਖਿਚੀ ਗਈ। ਦੋਹਾਂ ਦੇ ਦਿਲਾਂ ਵਿਚ ਇਕ ਦੂਸਰੇ ਦੇ ਲਈ ਅਜੀਬ ਖਿਚ ਬਣ ਗਈ ਸੀ। ਜੇ ਦਿਨ ਵਿਚ ਇਕ ਦੋ ਵਾਰ ਹੋਟਲ, ਕਲੱਬ ਜਾਂ ਕਿਸੇ ਹੋਰ ਸਾਂਝੀ ਥਾਂ ਮਿਲ ਨਾ ਲੈਂਦੇ ਤਾਂ ਬੜੀ ਬੇਚੈਨੀ ਜਿਹੀ ਮਹਿਸੂਸ

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B.S. KHURANA AND SONS AND GRANDSONS
6201 FRASER ST., (At 46th Ave.) PHONE:
VANCOUVER-15, B.C., CANADA. 327-3033

ਕਰਦੇ। ਮਿਲਨ ਉਹਨਾਂ ਲਈ ਸ਼ਾਂਤੀ ਅਤੇ ਤ੍ਰਿਪਤੀ ਦਾ ਕਾਰਨ ਬਣਦਾ ਸੀ। ਆਖਰੀ ਹੱਦ ਤਕ ਇਕ ਦੂਜੇ ਨੂੰ ਪਿਆਰਨਾ ਉਹਨਾਂ ਦਾ ਸ਼ਹਿਰ ਦੀ ਉਚੇ ਪਧਰ ਦੀ ਸੁਸਾਇਟੀ ਦਾ ਵਿਸ਼ਾ ਬਣਿਆਂ ਹੋਇਆ ਸੀ।

...੮-੩੦ ਹੋ ਗਏ।

ਭੰਗੀ ਫਿਰ ਆ ਗਿਆ। ਭੰਗੀ ਜੋ ਕਦੀ ਪਿਡ ਦਾ ਵਧੀਆ ਕਾਮਾ ਹੁੰਦਾ ਸੀ ਪਰ ਲੋਕ ਤੇ ਖ਼ਾਸ ਕਰਕੇ ਜੱਟ ਜ਼ਿਮੀਂਦਾਰ ਉਸ ਨੂੰ ਕੰਮੀ ਕਮੀਣ ਹੀ ਸਮਝਦੇ, ਉਸ ਦਾ ਕਦੀ ਕਿਸੇ ਨਾਂ ਨਹੀਂ ਸੀ ਸੱਦਿਆ। ਸਰਦਾਰ ਰੋਟੀ ਵੀ ਦੇਂਦੇ ਤਾਂ ਪਰ੍ਹਾਂ ਵਾੜੀ ਲਾਗੇ ਬਿਠਾ ਕੇ — ਰੁੱਖੀਆਂ ਮਿੱਸੀਆਂ ਖਾ ਕੇ — ਭਾਂਡੇ ਧੋ ਮਾਂਜ ਟੱਕੇ ਵਾਲੇ ਆਲੇ ਵਿਚ ਰਖ ਛਡਦਾ। ਸਾਰਿਆਂ ਲਈ ਚਾਹ ਖੰਡ ਦੀ ਬਣਦੀ ਪਰ ਉਸ ਲਈ ਗਲਾਸ ਅੱਡ ਗੁੜ ਦੀ ਬਣਦੀ। ਉਸ ਨੂੰ ਇਕ ਮਿੰਟ ਨਾ ਵਿਹਲਾ ਹੋਣ ਦੇਂਦੇ। ਤੜਕੇ ਤੋਂ ਲੈ ਕੇ ਅੱਧੀ ਰਾਤ ਤਕ...। ਸੋਹਣਾ ਸਰੀਰ ਸੀ — ਫ਼ੌਲਾਦੀ ਬਾਹਾਂ — ਕੰਮ ਏਨੀ ਮਿਹਨਤ ਨਾਲ ਕਰਦਾ ਕਿ ਮਾਲਕ ਵੀ ਹੈਰਾਨ ਰਹਿ ਜਾਂਦੇ ਭਾਵੇਂ ਦੱਬੀ ਪ੍ਰਸੰਸਾ ਵੀ ਨਾ ਕਰਦੇ। ਇਸ ਹੱਡ ਭੰਨਵੀਂ ਮਿਹਨਤ ਦਾ ਮੁਲ ਫੋਕੀ ਹਮਦਰਦੀ ਦੇ ਦੋ ਬੋਲ ਵੀ ਨਾ ਮਿਲੇ ਤਾਂ ਆਪਣੇ ਹੀ ਪਿੰਡ ਦੇ ਇਕ ਹੋਰ ਆਪਣੇ ਵਰਗੇ ਕਾਮੇ ਦੀ ਸਿਫਾਰਸ਼ ਨਾਲ ਸ਼ਹਿਰ ਕੰਮ ਉਤੇ ਆ ਲਗਾ। ਕੰਮ ਤੇ ਓਵਰ ਟਾਈਮ ਪਾ ਲਾ ਕੇ ਬਿਸ਼ਨੇ ਦਾ ਚੰਗਾ ਗੁਜ਼ਾਰਾ ਹੋਣ ਲਗ ਪਿਆ।

ਪਰ ਇਕ ਦਿਨ ਬਿਸ਼ਨੇ ਨੂੰ ਇਸੇ ਹਸਪਤਾਲ ਵਿਚ ਲਿਆਂਦਾ ਗਿਆ। ਮਸ਼ੀਨ ਵਿਚ ਆ ਕੇ ਬਾਂਹ ਬੁਰੀ ਤਰ੍ਹਾਂ ਫਿਸ ਗਈ ਸੀ। ਡੀਊਟੀ ਵਾਲੇ ਡਾਕਟਰ ਘਰੀਂ ਸੁਤੇ ਹੋਏ ਸਨ ਤੇ ਇਕ ਕੈਬਿਨ ਵਿਚ ਆਪਣੀ ਮਹਿਬੂਬ ਨਾਲ ਕੋਈ ਨਵੀਂ ਜ਼ਿੰਦਗੀ ਵਸਾਉਣ ਦੇ ਸੁਪਨਿਆਂ ਵਿਚ ਗਵਾਚਾ ਹੋਇਆ ਸੀ। ਖ਼ੂਨ ਬੁਰੀ ਤਰ੍ਹਾਂ ਨੁਚੜ ਚੁਕਾ ਸੀ। ਨਰਸਾਂ ਵੈਰੀ ਸੀਰੀਅਸ, ਵੈਰੀ ਸੀਰੀਅਸ ਕਰ-ਦੀਆਂ ਭੱਜ ਗਈਆਂ ਸਨ। ਇਕ ਮਿਹਰਬਾਨ ਨਰਸ ਨੇ ਪੱਟੀ ਕੀਤੀ — ਖ਼ੂਨ ਬੰਦ ਨਹੀਂ ਸੀ ਹੋ ਰਿਹਾ ਤੇ ਆਖ਼ਰ ਜ਼ਿੰਦਗੀ ਦੇ ਉਤੇ ਤਰਸ ਖਾ ਕੇ ਸੁਪਨਿਆਂ ਦੀ ਦੁਨੀਆਂ ਵਿਚ ਫਿਰ ਰਹੇ ਡਾਕਟਰ ਨੂੰ ਨਰਸ ਨੇ ਜਾ ਉਠਾਇਆ। ਉਹ ਹੁਸੀਨ ਸੁਪਨਿਆਂ ਦੇ ਟੁਕੜੇ ਸਮੇਟਦਾ ਅਤੇ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਨਰਸ ਨੂੰ ਵੇਖਦਾ ਮਰੀਜ਼ ਕੋਲ ਆ ਗਿਆ। ਬਿਨਾਂ ਵੇਖਣ ਤੋਂ ਹੀ, "ਖ਼ੂਨ ਦੇਣਾ ਪਵੇਗਾ – ਹੈ ਕੋਈ ਵਾਰਸ......।" ਅੱਧੀ ਰਾਤੀਂ ਆਜ਼ਾਦ ਦੇਸ਼ ਦੇ ਡਾਕਟਰ ਦੇ ਬੋਲਾਂ ਵਿਚ ਕੋਈ ਹਮਦਰਦੀ ਨਹੀਂ ਸੀ।

> ...ਉਹ ਹੁਸੀਨ ਸੁਪਨਿਆਂ ਦੇ ਟੁਕੜੇ ਸਮੇਟਦਾ ਅਤੇ ਖਾ ਜਾਣ ਵਾਲੀਆਂ ਨਜ਼ਰਾਂ ਨਾਲ ਨਰਸ ਨੂੰ ਵੇਖਦਾ ਮਰੀਜ਼ ਕੋਲ ਆ ਗਿਆ। ਬਿਨਾਂ ਵੇਖਣ ਤੋਂ ਹੀ...

ਰੂੜੇ ਨੇ ਜਿਸ ਨੇ ਬਿਸ਼ਨੇ ਨੂੰ ਮਿੱਲ ਵਿਚ ਲਵਾਇਆ ਸੀ ਖ਼ੂਨ ਦਿਤਾ — ਭਾਵੇਂ ਨੰਬਰ ਨਹੀਂ ਸੀ ਮਿਲਿਆ। ਖ਼ੂਨ ਬਲੱਡ ਬੈਂਕ ਵਿਚ ਜਮ੍ਹਾਂ ਹੋ ਚੁਕਾ ਸੀ ਪਰ ਬਿਸਨੇ ਨੂੰ ਖ਼ੂਨ ਨਹੀਂ ਸੀ ਦਿਤਾ ਗਿਆ। ਇਸੇ ਤਰ੍ਹਾਂ ਹੋਰਾਂ ਅਨਪੜ੍ਹਾਂ ਦਾ ਖ਼ੂਨ ਔਖੇ ਵੇਲੇ ਲੈ ਲਿਆ ਜਾਂਦਾ ਹੈ ਜੋ ਪਿਛੋਂ ਜਾਂ ਮੂੰਹੋਂ ਮੰਗੇ ਮੁਲੀਂ ਵਿਕਦਾ ਹੈ। ਅਜੀਬ ਮਜਬੂਰੀ ਹੈ — ਕੁਝ ਆਪਣਾ ਲਹੂ ਰੋਟੀ ਲਈ ਆਪ ਵੇਚਦੇ ਹਨ ਤੇ ਕਈਆਂ ਦਾ ਇਸ ਤਰ੍ਹਾਂ ਕਢ ਲਿਆ ਜਾਂਦਾ ਹੈ! ਲਹੂ ਵਿਕਦਾ ਹੈ! ਲਹੂ ਹਰ ਥਾਂ ਵਿਕਦਾ ਹੈ!!

ਬਿਸ਼ਨੇ ਦੀ ਬਾਂਹ ਕੱਟੀ ਗਈ। ਕੱਚੇ ਹੋਣ ਕਰਕੇ ਧੱਕਿਆਂ ਤੋਂ ਸਿਵਾ ਮਿੱਲ ਮਾਲਕਾਂ ਵੀ ਕੁਝ ਨਾ ਦਿਤਾ, ਉਲਟਾ ਕੰਮ ਤੋਂ ਵੀ ਕਢ ਦਿਤਾ। ਕਿਸੇ ਮਿਹਰਬਾਨ ਅਧਿਕਾਰੀ ਦੇ ਕਹਿਣ ਤੇ ਇਥੇ ਸਫ਼ਾਈ ਸੇਵਕ ਆ ਲੱਗਾ।

– ਰਮਨਾ ਦੀ ਸੁੰਦਰ ਕਲਾਈ ਤੇ ਬੱਝੀ ਘੜੀ ੧੦ ਵਜਾ ਰਹੀ ਸੀ।

– ਹਰਮੇਸ਼ ਲਈ ਡਾਕਟਰ ਖ਼ੂਨ ਦਾ ਪ੍ਰਬੰਧ ਕਰ ਰਹੇ ਸਨ। ਨੰਬਰ ਨਹੀਂ ਸੀ ਮਿਲ ਰਿਹਾ। ਲਾਗਲੇ ਸ਼ਹਿਰਾਂ ਦੇ ਹਸਪਤਾਲਾਂ ਅਤੇ ਬਲੱਡ ਬੈਂਕਾਂ ਵਿਚ ਟੈਲੀਫ਼ੂਨ ਕੀਤੇ ਜਾ ਰਹੇ ਸਨ। ਐਂਬੂਲੈਂਸਾਂ ਦੌੜ ਰਹੀਆਂ ਸਨ। ਸਾਰੇ ਹਸਪਤਾਲ ਨੂੰ ਵਖ਼ਤ ਪਿਆ ਹੋਇਆ ਸੀ।

ਬਿਸ਼ਨਾ ਸਫ਼ਾਈ ਕਰ ਰਿਹਾ ਸੀ ਤੇ ਦੂਸਰਾ ਸਾਥੀ ਕਹਿ ਰਿਹਾ ਸੀ, "ਬਿਸ਼ਨਿਆਂ! ਨੰਬਰ ਵਨ ਪੇਸ਼ੈਂਟ ਜਿਹੜਾ ਰਾਤੀਂ ਆਇਆ ਸੀ ਉਸ ਲਈ ਖ਼ੂਨ ਨਹੀਂ ਮਿਲ ਰਿਹਾ – ਤਕੜਿਆਂ ਦੀ ਗੱਲ ਸਾਰੇ ਹਸਪਤਾਲ ਵਿਚ ਭਗਦੜ ਮੱਚੀ ਹੋਈ ਹੈ। ਸਭ ਚਿਟ-ਮੂੰਹੇਂ ਟੈਲੀਫ਼ੂਨਾਂ ਨੂੰ ਚੰਬੜੇ ਹੋਏ ਹਨ...।"

"ਕੌਣ ਮਰੀਜ਼...ਕੀ ਹੋਇਆ ਸੂ?"

"ਮਰੀਜ਼ ਦਾ ਤਾਂ ਪਤਾ ਨਹੀਂ ਕਹਿੰਦੇ ਹਨ ਸ਼ਰਾਬੀ ਸੀ – ਕਾਰ ਟਾਹਲੀ ਵਿਚ ਮਾਰੀ ਸੂ...।"

— ਛੋਟੇ ਮਾਲਕ ਤੁਸੀਂ...? ਅਗਲੇ ਪਲ ਬਿਸ਼ਨਾ ਬੈੱਡ ਕੋਲ ਸੀ।

"ਡਾਕਟਰ ਸਾਹਿਬ ਮੇਰਾ ਖ਼ੂਨ ਲੈ ਲਓ — ਛੋਟੀ ਸਰਕਾਰ ਦੀ ਜਾਨ ਬਚਾ ਦਿਓ..." ਬਿਸ਼ਨਾ ਜ਼ਿਆਦਾ ਹੀ ਭਾਵੁਕ ਹੋ ਗਿਆ ਸੀ।

"ਨੰਬਰ ਦਾ ਫ਼ਿਕਰ ਨਾ ਕਰੋ – ਸਾਡਾ ਲਹੂ ਮਿਲਦਾ ਹੈ। ਇਹ ਕਾਮਿਆਂ ਦੇ ਲਹੂ ਦੇ ਵਪਾਰੀ ਹਨ..." "ਪਰ...ਪਰ...ਮੈਂ ਖ਼ੂਨ ਨਹੀਂ ਦੇਵਾਂਗਾ — ਮੈਂ ਖ਼ੂਨ ਹੋਰ ਨਹੀਂ ਦੇਵਾਂਗਾ।" ਬਿਸ਼ਨੇ ਨੂੰ ਉਸ ਦੇ ਦੋ ਹੋਰ ਸਾਥੀ ਧੂਹੀ ਬਾਹਰ ਲੈ ਜਾ ਰਹੇ ਸਨ।

— ਬਿਸ਼ਨਾ ਹੜਬੜਾ ਕੇ ਰਿਕਸ਼ੇ ਵਿਚੋਂ ਉਠਿਆ। ਹੈਂ! ਗੱਡੀ ਆ ਗਈ। ਬਿਸ਼ਨੇ ਨੇ ਰਿਕਸ਼ਾ ਰੇੜ੍ਹ ਲਈ ਚਲੋ ਭਈ ਘੰਟਾ ਘਰ, ਦਰਬਾਰ ਸਾਹਿਬ...ਜਾਂਦਾ ਏ ਭਈ ਕੋਈ ਗੁਰਾਂ ਦੇ ਦਰਸ਼ਨਾਂ ਨੂੰ...।

ਲਹੂ ਵਿਕਣਾ ਸ਼ੁਰੂ ਹੋ ਚੁਕਾ ਸੀ। ●

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B.S. KHURANA AND SONS AND GRANDSONS
7-5.4-CHOME. ISOBE DORI. FUKIAI KU. KOBE. JAPAN
Phone: 251-6440

FOR

LIFE INSURANCE

EDUCATION PLAN

MORTGAGE PLAN

Retirement registered Saving Plan
and all other kinds of insurance

Contact

# DALJIT SANDHU

## National Life of Canada

Suite 501, 1155—West Pender Street
Vancouver, B.C. Phone: 685-7231



ਦਲਜੀਤ ਸੰਧੂ

Office
685-7231

Residence
278-0491

# BAINS INTERNATIONAL TRAVEL SERVICE LTD.

(MEMBER IATA)

6364 FRASER STREET
VANCOUVER 15, B.C.
TEL: 324-2277

1710 DOUGLAS STREET
VICTORIA, B.C.
TEL: 386-6363

GROUP DEPARTURE TO INDIA EVERY SATURDAY

ENQUIRE FOR OTHER SPECIAL FARES: AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.
Being IATA member we can issue your ticket while you wait on any air line.

***Remember . . . One call does it all ! ! !***

ਬੈਂਸ ਟਰੈਵਲ ਸਰਵਿਸ ਲਿਮਟਿਡ

ਦੁਨੀਆਂ ਦੇ ਕਿਸੇ ਕੋਨੇ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਦੇ ਮੰਗਵਾਉਣ ਲਈ ਤੁਸੀ ਸਾਨੂੰ ਆਕੇ ਦਰਸ਼ਨ ਦਿਉ। ਕਿਉਂਕੇ ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਵੇਚਦੇ ਹਾ ਇਸ ਲਈ ਤੁਹਾਨੂੰ ਸਸਤੀਆਂ ਟਿਕਟਾਂ ਮਿਲਣਗੀਆਂ। ਪਾਸਪੋਰਟ ਤੇ ਵੀਜ਼ਾ ਲੈਣ ਵਿਚ ਪੂਰੀ ਮਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ ਜਦ ਤੁਸੀਂ ਬੁਕਿੰਗ ਕਰਾਉ।

# ਕੈਨੇਡਾ ਦੇ ਲੇਖਕ:

## ਰਮਜ਼ਾਂ

(ਭੁਪਿੰਦਰ ਧਾਲੀਵਾਲ)

ਨਾ ਵੰਡੀਂ ਯਾਰਾ, ਮਹਿਕ ਫੁਹਾਰੇ
ਛੱਟ ਹਿਜਰ ਦੇ ਅੱਲੇ ਸਾਰੇ!
ਮਹਿਕ-ਟਕੋਰ ਅੱਜ ਭਾਵਦੀ ਨਾਂ
ਭਰੇ-ਜ਼ਖ਼ਮੀ ਹੋਰ ਉਜਾੜੇ!!

ਨਾ ਨੀ ਮੈਨਾ, ਨਗ਼ਮੇ ਛੇੜੀਂ
ਨਾ ਸੌਂਦੀ ਯਾਦ ਜਗਾਈਂ ਨੀ!
ਜਿੰਦ ਮਲੂਕ ਜਲੀ ਹੈ ਸਾਡੀ
ਨਾ ਹਿਜਰ-ਸੂਲਾਂ ਤੇ ਪਾਈਂ ਨੀ!!

ਦਿਲ ਗ਼ਮਾਂ ਦੀ ਸੇਜ ਹੰਢਾਵੇ
ਦੀਦੋਂ-ਸੱਖਣੀ ਨੈਣ-ਪਟਾਰੀ!
ਰਾਤੀਂ ਉਠ ਉਠ ਗੀਤ ਡੁਸਕਦੇ
ਨੀਂਦ ਨੇ ਸਾਡੀ ਦੂਰ ਉਡਾਰੀ!!

ਹਰ ਸੂਰਜ ਇਕ ਆਸ ਹੈ ਦਫ਼ਨੀ
ਜੋ ਫਿਰ ਸਹਿੱਜ-ਸਫ਼ਰ ਚੜ੍ਹੀ!
ਪੀੜ ਕੋਸਦੀ ਪੈੜ ਖੋਜਦੀ
ਧਿਰ ਪੁੰਗਾਰੇ ਦੀ ਸੜ ਮਰੀ!!

ਆ ਨੀ ਭੈਣੇ ਨ੍ਹੇਰੀਏ ਰਾਤੇ
ਆ ਬੈਠ ਨੀ ਆਹ ਸਿਰ੍ਹਾਣੇ!
ਦਿਲ ਦੇ ਦੁਖੜੇ ਸਾਂਝੇ ਕਰੀਏ
ਕੋਈ ਗ਼ੈਰ ਨਾ ਦਿਲ ਦੀਆਂ ਜਾਣੇ!!

## ਗ਼ਜ਼ਲ

(ਕਮਲਜੀਤ ਘੁਮਾਣ)

ਬੜੇ ਹੀ ਆਹਰੇ ਸੋਚਾਂ ਲਾਈਆਂ।
ਪਰ ਨਾ ਕੋਈ ਸੋਧਾਂ ਪਾਈਆਂ।

ਕਿੰਨੇ ਉੱਚੇ ਦਿਲ ਦੇ ਕੋਨੇ;
ਕਿੰਨੀਆਂ ਡੂੰਘੀਆਂ ਦਿਸਦੀਆਂ ਖਾਈਆਂ।

ਢੋਕੇ ਮਿਲੇ ਸਦਾ ਨੇ ਰਹਿੰਦੇ;
ਸਦਾ ਰਹਿੰਦੀਆਂ ਤੋਟਾਂ ਆਈਆਂ।

ਚੜ੍ਹਦੇ ਸੂਰਜ, ਲਹਿੰਦੇ ਸੂਰਜ;
ਸਮਝ ਸਕਾਂ ਨਾ ਬੇ-ਪ੍ਰਵਾਹੀਆਂ।

ਗ਼ਮ-ਨਿਗਾਹਾਂ, ਮਾਪ ਨਾ ਸਕਿਆ;
ਕੀ ਇਨ੍ਹਾਂ ਦੀਆਂ ਹਨ ਗਹਿਰਾਈਆਂ।

ਖ਼ੁਸ਼ਕ-ਉਮੀਦਾਂ, ਦੋਨੋਂ ਦੇਲੇ;
ਗੁੱਝੀਆਂ ਗੁੱਝੀਆਂ ਦੇਣ ਦੁਹਾਈਆਂ।

ਸ਼ੋਖ਼ ਜਵਾਨੀ ਕਿਧਰੇ ਤੱਕ ਕੇ;
ਖੁੱਸਣ ਹਾਰਿਆਂ ਗਈਂ ਕਮਾਈਆਂ।

ਦੋ ਕਤਰੇ ਰੂਹ ਸਾਕੀ ਹੋ ਗਏ;
ਪਛਤਾਂਦੇ, ਜਦ ਸ਼ਾਮਾਂ ਆਈਆਂ।

ਦਿਲ ਤਾਈਂ ਦੇ ਦੇ ਕੇ ਲਾਰੇ;
ਭੋਗੀ ਚੱਲ ਘੁਮਾਣਾਂ ਸਾਈਆਂ।

---

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :

'ਵਤਨੋਂ' ਦੂਰ'

P. O. BOX 1041

Coquitlam, B. C. Canada

## ਗ਼ਜ਼ਲ

(ਗਿੱਲ ਮੋਰਾਂਵਾਲੀ)

ਔਖੀ ਗੁਜ਼ਰੇ ਜ਼ਿੰਦਗੀ
ਔਖਾ ਬੜਾ ਗੁਜ਼ਾਰਾ।
ਇਨਸਾਨ ਨੂੰ ਜੇ ਨਹੀਂ
ਇਨਸਾਨ ਦਾ ਸਹਾਰਾ।

ਦਿਲ ਦੇ ਟੁਕੜੇ ਜੋੜਕੇ
ਦਿਲ ਨੂੰ ਸਜਾ ਲਿਆ
ਕੁਝ ਫਿਰ ਜੇ ਰਹਿ ਗਿਆ
ਇਹ ਮੁੜਕੇ ਦੁਬਾਰਾ!

ਮੰਝਧਾਰਾਂ ਨਾਂ ਪਾਕੇ ਦੋਸਤੀ
ਤੂਫ਼ਾਨਾਂ ਨੂੰ ਸਾਹਿਆ
ਮੰਝਧਾਰ ਦੀ ਪਿਆਰੀ
ਤੂਫ਼ਾਨ ਦੀ ਪਿਆਰਾ।

ਲੈਕੇ ਸਹਾਰਾ ਆਪਣੇ
ਹੰਝੂਆਂ ਦਾ ਤੁਰ ਪਏ
ਹੱਸਣ ਦੀ ਰਹੀ ਜ਼ਰੂਰਤ
ਨਾ ਰੋਣ ਦੀ ਯਾਰਾ।

ਮੋੜੇ ਉਠਾਈ ਅਰਥੀ
ਆਪਣੇ ਪਿਆਰ ਦੀ
ਜਾਂਦੀ ਵਾਰੀ ਦੋਸਤਾ
ਦੇਖ ਇਹ ਵੀ ਨਜ਼ਾਰਾ!

IMPORTERS EXPORTERS WHOLESALERS RETAILERS

ROKKO SAREES & FABRICS

OWNED AND OPERATED BY B. S. KHURANA AND SONS AND GRANDSONS

635-BLOOR STREET WEST. TORONTO. ONTARIO. CANADA

Phone 533-1106

## ਗੀਤ

(ਬੂਟਾ ਸਿੰਘ ਮਰਦੋਸ਼)

ਇਹ ਕਹਾਣੀ ਰਾਤ ਦੀ,
ਕਿਸਨੂੰ ਸੁਣਾਵਾਂ ਹਾਣੀਆਂ।
ਤਨ ਦੇ ਜੰਗਲੀਂ ਅੱਗਾਂ ਲੱਗੀਆਂ,
ਕਿਵੇਂ ਬੁਝਾਵਾਂ ਹਾਣੀਆਂ।

ਚਹੁੰ ਟਕਿਆਂ ਦਾ ਲੋਭੀ ਸੀ ਇਕ, ਬੈਠ ਗਿਆ ਪਰਦੇਸੀਂ ਜਾਕੇ।
ਅਰਸ਼ੀਂ ਉਡੰਦੀ ਸੋਹਣ ਪਰੀ ਨੂੰ, ਛੱਡ ਗਿਆ ਉਹ ਪਿੰਜਰੇ ਪਾਕੇ।
ਨੀਰ ਅੱਖਾਂ 'ਚੋਂ ਹਰਦਮ ਵਹਿੰਦਾ, ਕਿਵੇਂ ਸੁਕਾਵਾਂ ਹਾਣੀਆਂ।
ਇਹ ਕਹਾਣੀ ਰਾਤ ਦੀ
ਕਿਸਨੂੰ ਸੁਣਾਵਾਂ ਹਾਣੀਆਂ... ...

ਨਿੱਤ ਦਿਹਾੜੀ ਸ਼ਾਮ ਪਈ ਤੋਂ, ਨਿੱਕਾ 'ਦੀਪ' ਜਦੋਂ ਘਰ ਆਵੇ।
ਯਾਦ ਤੇਰੀ ਦੀ ਉਂਗਲੀ ਫੜਕੇ, ਮੈਂਹ ਲੱਗਿਆਂ ਨਿੱਤ ਕੁਰਲਾਵੇ।
ਦੇਵਾਂ ਤਸੱਲੀ ਆਪੇ ਨੂੰ ਜਾਂ ਉਹਨੂੰ ਵਰਾਵਾਂ ਹਾਣੀਆਂ।
ਇਹ ਕਹਾਣੀ ਰਾਤ ਦੀ
ਕਿਸਨੂੰ ਸੁਣਾਵਾਂ ਹਾਣੀਆਂ... ...

ਫੁੱਲੋਂ ਵੇਕੇ ਸੁਹਜ ਕਿਸੇ ਦੇ ਨਰਕ ਬਣ ਗਿਆ ਜੀਣਾ।
ਚਹੁੰ ਸਿੱਕਿਆਂ ਦੀ ਖੱਟੀ ਖ਼ਾਤਰ, ਪੈ ਗਿਆ ਮਹੁਰਾ ਪੀਣਾ।
ਹੱਡੀਂ ਰਚ ਗਈ ਪੀੜ ਮਿਲਣ ਦੀ, ਕਿਵੇਂ ਹਟਾਵਾਂ ਹਾਣੀਆਂ।
ਇਹ ਕਹਾਣੀ ਰਾਤ ਦੀ
ਕਿਸਨੂੰ ਸੁਣਾਵਾਂ ਹਾਣੀਆਂ... ...

ਤੇਰੇ ਜਾਣ ਤੁਰ ਗਏ ਖੇੜੇ, ਕਿੱਧਰ 'ਬੂਟਿਆ' ਜਾਸੇ।
ਤੈਨੂੰ ਖਾਵੇ ਅੱਗ ਬਰਫ਼ ਦੀ, ਮੈਨੂੰ ਖਾਣ ਚੁਮਾਸੇ।
ਪਿਆਸ ਵਧੇ ਨਿੱਤ ਰੂਹ-ਸਦਾਈ, ਕਿਵੇਂ ਮਿਟਾਵਾਂ ਹਾਣੀਆਂ।
ਇਹ ਕਹਾਣੀ ਰਾਤ ਦੀ
ਕਿਸਨੂੰ ਸੁਣਾਵਾਂ ਹਾਣੀਆਂ... ...

## ਸਿਆਸੀ-ਮਸਲਾ

(ਉੱਜਲ ਦੋਸਾਂਝ)

ਅਖ਼ਬਾਰ ਦੀ ਸੁਰਖੀ:
"—— ਦੀ ਪੂਛ
—— ਦਾ ਖਸਮ
ਮਾਂ ਦਾ ——
ਮੇਰੇ ਇਖ਼ਲਾਕ ਦਾ ਮਾਲਕ"

ਇਹ ਤਾਂ 'ਇੰਟਰੋਡਕਸ਼ਨ' ਹੀ ਹੈ
'ਪਰਾਬਲਮ' ਦਾ 'ਐਨੇਲੇਸਿਜ਼'
ਅਗਲੇ ਅੰਕਾਂ 'ਚ
ਪੇਸ਼ ਕੀਤਾ ਜਾਵੇਗਾ!
ਇਹ ਇਕ ਸਿਆਸੀ ਮਸਲਾ ਹੈ!!

## ਦਿਲ ਦੀ ਗੱਲ

(ਗੁਰਚਰਨ ਟੱਲੇਵਾਲੀਆ)

ਚੰਦ ਚਾਨਣ ਵਰਗੇ ਮੁੱਖੜੇ ਤੇ
ਲੱਖਾਂ ਪ੍ਰਵਾਨੇ ਮਰਦੇ ਨੇ!
ਜਦ ਮੰਜ਼ਲ ਅੱਗੇ ਦਿਸਦੀ ਹੈ
ਤਾਂ ਸੀਸ ਤਲੀ ਤੇ ਧਰਦੇ ਨੇ!
ਮਜ਼੍ਹਬਾਂ ਦੀ ਚਾਬੀ ਲੁੱਟ ਲੈਂਦੀ
ਜਦ ਮਾਨਵਤਾ ਦੀ ਪੂੰਜੀ ਨੂੰ;
ਇਨਸਾਨਾਂ ਨੂੰ ਛੱਡ, ਜੰਗਲਾਂ ਦੇ
ਬਹਿ ਪੰਛੀ ਆਸ਼ਕ ਮਰਦੇ ਨੇ!

ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ:
'ਵਤਨੋਂ ਦੂਰ'
P. O. BOX 1041
Coquitlam, B. C. Canada

## ਬੇਰੋਕ-ਵਹਿਣ

(ਬਹਾਦਰ ਸਰੋਤਾ)

(ਸਦਾ ਲਈ ਵਿਛੜੀ ਜੀਵਨ-ਸਾਥਣ ਅੰਜਸਰ ਦੇ ਨਾਂ)

ਦੋਸਤੋ, ਖਬਰਦਾਰ!
ਖੌਫ ਕਰੋ
ਸਮੇਂ ਦੇ ਤੰਤਾਲ-ਵਹਿਣਾਂ ਦਾ।

ਮਤਾਂ –
ਸਮੇਂ ਦੇ ਬੇ-ਰੋਕ ਵਹਿਣ
ਚੀਰ ਸੁੱਟਣ
ਤੁਹਾਡੇ ਅਰਮਾਨ
ਚੰਚਲ ਮਨ ਦੀਆਂ
ਚੰਚਲ ਉਡਾਣਾਂ
ਕੁਚਲ ਸੁੱਟਣ
ਦਰਦ-ਪੀੜਾਂ ਨਾਲ
ਦੁਖੀ ਮਨ
ਹੰਝੂਆਂ ਨਾਲ ਭਰਿਆ
ਉਛਲ ਪਵੇ
ਤੇ ਮਨ ਦਾ ਉਛਾਲ
ਵਹਿ ਤੁਰੇ
ਸਮੇਂ ਦੇ ਬੇ-ਰੋਕ ਵਹਿਣਾਂ ਨਾਲ।

ਦੋਸਤੋ, ਖੌਫ ਕਰੋ
ਸਮੇਂ ਦੇ ਬੇ-ਰੋਕ ਵਹਿਣਾਂ ਦਾ
ਇਹ ਵਹਾ ਲਿਜਾਂਦੇ ਨੇ
ਤੁਹਾਡੇ ਵਿਚੋਂ
ਤੁਹਾਡਾ ਆਪਣਾ ਆਪ
ਆਪਣੇ ਨਾਲ
... ... ... ... ...
... ... ... ... ...
... ... ... ... ...
...... ...... ... ... ...

IMPORTERS EXPORTERS WHOLESALERS RETAILERS
**ROKKO SAREES & FABRICS**
27- SUSSEX RD., SOUTH CROYDON.
LONDON, ENGLAND
Phone 688-4590
OWNED AND OPERATED BY B. S. KHURANA AND SONS AND GRANDSONS

# ਮੂਸਾ ਭੱਜਿਆ ਮੌਤ ਤੋਂ...

(ਸਾਧੂ - BURNABY, B.C.)

ਜਦ ਕਦੀ ਵੀ ਉਹ ਇਕੱਲਾ ਬਹਿੰਦਾ ਬੀਤੇ ਦਾ ਖ਼ਿਆਲ ਉਹਨੂੰ ਝੁਣਝੁਣੀ ਜਿਹੀ ਦੇ ਜਾਂਦਾ। ਉਹਦਾ ਕਾਲਜ ਛੱਡਣ ਤੋਂ ਬਾਅਦ ਨੌਕਰੀ ਦੀ ਤਲਾਸ਼ ਵਿਚ ਫਿਰਨਾ, ਸੜਕਾਂ ਦੀ ਧੂੜ, ਦਫਤਰਾਂ ਦੇ ਧੱਕੇ ਤੇ ਘਰ ਬੁੱਢੀਆਂ ਅੱਖਾਂ ਦਾ ਉਸਦੇ ਵੱਲ ਆਸ ਨਾਲ ਤੱਕਣਾ। ਉਹ ਖ਼ੁਸ਼ ਸੀ ਕਿ ਹੁਣ ਸਭ ਕੁਝ ਬੀਤ ਚੁਕਾ ਸੀ। ਉਹ ਹੁਣ ਪੂਰੀ ਤਰ੍ਹਾਂ ਆਤਮ ਨਿਰਭਰ ਸੀ। ਭਾਵੇਂ ਉਹ ਸਖ਼ਤ ਕੰਮ ਕਰਦੀ ਸੀ ਪਰ ਦੇਸ ਵਾਂਗ ਕੰਮ ਤੋਂ ਬਾਅਦ ਉਹਨੂੰ ਕਿਲੋ ਖੰਡ ਲੈਣ ਲਈ ਲੰਬੀ ਲਾਈਨ ਵਿਚ ਤਾਂ ਨਹੀਂ ਸੀ ਖੜਨਾ ਪੈਂਦਾ ਤੇ ਨਾ ਹੀ ਬੱਸ ਚੜਨ ਲਈ ਕੰਡਕੰਟਰਾਂ ਨਾਲ ਵਾਧੂ ਯਾਰੀਆਂ ਗੰਡਣੀਆਂ ਪੈਂਦੀਆਂ। ਹੁਣ ਤਾਂ ਉਹਦੇ ਕੋਲ ਆਪਣੀ ਕਾਰ ਸੀ।

ਉਹਨੂੰ ਕੈਨੇਡਾ ਆਏ ਨੂੰ ਅਜੇ ਬਾਹਲਾ ਚਿਰ ਨਹੀਂ ਸੀ ਹੋਇਆ ਉਸਨੇ ਆਪਣੇ ਮਾਂ-ਬਾਪ ਵੀ ਆਪਣੇ ਕੋਲ ਸੱਦ ਲਏ ਸਨ। ਜਿਹੜੇ ਗਰਮੀਆਂ ਨੂੰ ਫਾਰਮਾਂ ਵਿਚ ਕੰਮ ਕਰਕੇ ਉਹਦਾ ਹੱਥ ਵਟਾਉਂਦੇ ਤੇ ਬਾਕੀ ਦਾ ਸਮਾਂ ਉਹਦੇ ਦੋਂਹ ਬੱਚਿਆਂ ਨੂੰ ਸਾਂਭਦੇ ਤੇ ਉਹਦੇ ਘਰ ਵਾਲੀ ਨੌਕਰੀ ਕਰਦੀ। ਉਹ ਬੜੀ ਸਮਝ ਨਾਲ ਪੈਸਾ ਵਰਤਦਾ। ਤਦੇ ਤਾਂ ਥੋੜ੍ਹੇ ਜਿਹੇ ਸਮੇਂ ਵਿਚ ਹੀ ਉਹਨੇ ਘਰ ਲੈਣ ਲਈ ਡਾਊਨ (ਪਹਿਲਾਂ) ਦੇਣ ਜੋਗੇ ਪੈਸੇ ਜੋੜ ਲਏ ਸਨ।

ਘਰ ਲੈ ਕੇ ਉਹ ਬਹੁਤ ਖ਼ੁਸ਼ ਸੀ, ਸੋਚ ਕੀ ਕਿ ਘਟੋ ਘਟ ਉਹ ਆਪਣੇ ਮਾਂ-ਬਾਪ ਤੇ ਆਪਣੇ ਜੀਵਨ ਸਥਾਣ ਨੂੰ ਜਿਹਦੇ ਸਹਾਰੇ ਉਹ ਕੈਨੇਡਾ ਆਇਆ ਸੀ, ਕੁਝ ਸੌਖ ਦੇ ਸਕੇਗਾ। ਉਹਨੇ ਜ਼ਿੰਦਗੀ ਵਿਚ ਹਮੇਸ਼ਾ ਹਾਰ ਦਾ ਮੂੰਹ ਵੇਖਿਆ ਸੀ, ਹੁਣ ਉਹ ਸਮਝ ਰਿਹਾ ਸੀ ਕਿ ਉਹਨੇ ਆਰਥਿਕ ਜਿੱਤ ਪਰਾਪਤ ਕਰ ਲਈ ਹੈ। ਜਿਹੜੀ ਜਿੱਤ ਨੂੰ ਪ੍ਰਾਪਤ ਕਰਨ ਲਈ ਉਹਨੇ ਆਪਣੇ ਦੇਸ਼ ਦੇ ਕਿੰਨੇ ਦਫਤਰਾਂ ਵਿਚ ਮੱਥੇ ਰਗੜੇ ਸਨ, ਸਿਫ਼ਾਰਸ਼ਾਂ ਪੁਆਈਆਂ ਸਨ। ਰਿਸ਼ਵਤਾਂ ਦਿਤੀਆਂ ਸਨ, ਬੇਈਮਾਨੀਆਂ ਕੀਤੀਆਂ ਸਨ। ਪਰ ਫੇਰ ਵੀ ਗੁਜ਼ਾਰੇ ਜੋਗੀ ਨੌਕਰੀ ਨਹੀਂ ਸੀ ਮਿਲੀ। ਹੁਣ ਉਹ ਆਪਣੇ ਆਪ ਨੂੰ ਇਕ ਸੁਖੀ ਇਨਸਾਨ ਸਮਝਦਾ ਸੀ। ਉਹਦੇ ਕੋਲ ਘਰ ਸੀ। ਮਾਂ-ਬਾਪ ਕੋਲ ਸਨ। ਸੋਹਣੀ ਸਾਥਣ ਤੇ ਉਹਦੇ ਬੱਚੇ ਸਨ। ਉਹ ਹੁਣ ਕੰਮ ਕਰਕੇ ਆਪਣੀ ਜ਼ਿੰਦਗੀ ਸੌਖ ਨਾਲ ਕੱਟ ਸਕਦਾ ਸੀ।

ਉਹ ਆਪਣੇ ਬੀਤੇ ਨੂੰ ਇਸ ਖ਼ੁਸ਼ੀ ਵਿਚ ਡਬੋ ਦੇਣਾ ਚਾਹੁੰਦਾ ਸੀ ਹਮੇਸ਼ਾ ਲਈ। ਉਹ ਨਹੀਂ ਸੀ ਚਾਹੁੰਦਾ ਕਿ ਉਹਨੂੰ ਯਾਦ ਰਹੇ ਕਾਲਜ ਦਾ ਜ਼ਮਾਨਾ ਜਦ ਉਹਦੇ ਕਈ ਦੋਸਤ ਦੇਸ਼ ਵਿਚ ਖ਼ੁਸ਼ਹਾਲੀ ਲਿਆਉਣ ਲਈ ਅਗਾਂ ਵਿਚ ਕੁਦ ਪਏ ਸਨ। ਪਰ ਉਹ ਬੁਜ਼ਦਿਲ ਆਪਣੀ ਸਿਰਫ਼ ਆਪਣੀ ਜ਼ਿੰਦਗੀ ਖ਼ੁਸ਼ਹਾਲ ਬਨਾਉਣ ਦੇ ਸੁਪਨੇ ਲੈਂਦਾ ਰਿਹਾ ਸੀ। ਉਹ ਭੁਲਾ ਦੇਣਾ ਚਾਹੁੰਦਾ ਸੀ ਕਿ ਉਹ ਜ਼ਿੰਦਗੀ ਵਿਚ ਕਦੀ ਵੀ ਸਚਾਈ ਲਈ ਡੱਟ ਕੇ ਨਹੀਂ ਸੀ ਖੜ ਸਕਿਆ। ਉਹ ਹਮੇਸ਼ਾਂ ਆਪਣੀ ਚਮੜੀ ਬਚਾਉਣ ਲਈ ਮੈਦਾਨ ਵਿਚੋਂ ਭੱਜ ਜਾਂਦਾ ਰਿਹਾ ਸੀ, ਉਹ ਹਮੇਸ਼ਾਂ ਹੀ ਅਜਿਹੀਆਂ ਘਟਨਾਵਾਂ ਭੁਲਾ ਦੇਣਾ ਚਾਹੁੰਦਾ ਸੀ। ਉਹ ਆਪਣੀਆਂ ਸਭ ਹਾਰਾਂ ਨੂੰ ਇਸ ਖ਼ੁਸ਼ੀ ਥੱਲੇ ਦੱਬ ਦੇਣਾ ਚਾਹੁੰਦਾ ਸੀ। ਹੁਣ ਉਹਨੂੰ ਜ਼ਿੰਦਗੀ ਵਿਚ ਕੋਈ ਵੀ ਘੋਲ ਨਹੀਂ ਕਰਨਾ ਪਵੇਗਾ। ਜ਼ਿੰਦਗੀ ਦੇ ਕਿਸੇ ਇਮਤਿਹਾਨ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਉਹਦਾ ਸਿਰਫ਼ ਵਾਸਤਾ ਹੈ ਤਾਂ ਉਹਦੀ ਆਪਣੀ ਜ਼ਿੰਦਗੀ ਤੋਂ ਆਪਣੇ ਪਰਵਾਰ ਨਾਲ। ਇਹੀ ਉਹਦੀ ਦੁਨੀਆਂ ਹੈ। ਜੇ ਬਾਕੀ ਦੀ ਦੁਨੀਆਂ ਵਿਚ ਗਰੀਬ ਭੁਖੇ ਮਰ ਰਹੇ ਹਨ ਤਾਂ ਮਰਨ ਪਏ ਜੇ ਧਰਮ ਦੇ ਨਾਂ ਤੇ ਲੜਾਈਆਂ ਹੁੰਦੀਆਂ ਹਨ ਤਾਂ ਹੋਣ। ਜੇ ਗੋਰਿਆਂ ਕਾਲਿਆਂ ਦੀਆਂ ਲੜਾਈਆਂ ਹੁੰਦੀਆਂ ਹਨ ਤਾਂ ਪਈਆਂ ਹੋਣ। ਉਹਨੇ ਤਾਂ ਸੱਭ ਕਾਸੇ ਤੋਂ ਟੁਟ ਕੇ ਜੀਉਣ ਦਾ ਫੈਸਲਾ ਕਰ ਲਿਆ।

ਉਹ ਬੜੀ ਖ਼ੁਸ਼ੀ ਖ਼ੁਸ਼ੀ ਆਪਣੇ ਨਵੇਂ ਘਰ ਵਿਚ ਰਹਿਣ ਲਗਾ। ਇਹ ਇਲਾਕਾ ਉਹਦੇ ਲਈ ਨਵਾਂ ਸੀ। ਘਰ ਲੈਣ ਤੋਂ ਪਹਿਲਾਂ ਉਹਨੇ ਸੁਣਿਆ ਸੀ ਕਿ ਇਸ ਇਲਾਕੇ ਵਿਚ ਗੋਰਿਆਂ ਦੇ ਕਈ ਅਵਾਰਾ ਮੁੰਡੇ ਹਿੰਦੋਸਤਾਨੀਆਂ ਦੇ ਘਰਾਂ ਦੇ ਸ਼ੀਸ਼ੇ [illegible] ਭੰਨ ਜਾਂਦੇ ਹਨ। ਪਰ ਉਹਨੇ ਇਸ ਗੱਲ ਨੂੰ ਨਾ ਗੌਲਿਆ। ਉਹ ਇਕ ਰਾਤ ਜ਼ਿੰਦਗੀ ਦੇ ਸਾਰੇ ਸੰਘਰਸ਼ਾਂ ਨੂੰ ਤਿਆਗ ਆਪਣੀਆਂ ਹਾਰਾਂ ਨੂੰ ਖ਼ੁਸ਼ੀ ਦੇ ਪਹਾੜ ਥੱਲੇ ਦੱਬ ਆਪਣੀ ਘਰ ਵਾਲੀ ਦੇ ਗਲ ਬਾਹਾਂ ਪਾ ਘੂਕ ਸੁੱਤਾ ਪਿਆ ਸੀ। ਅਚਾਨਕ ਇਕ ਜ਼ੋਰਦਾਰ ਖੜਾਕ ਨੇ ਰਾਤ ਦੇ ਹਨੇਰੇ ਨੂੰ ਚੀਰ ਦਿੱਤਾ ਤੇ ਇਕ ਤੋਂ ਬਾਅਦ ਇਕ, ਕਈ ਹੋਰ ਪਹਿਲੇ ਵਰਗੇ ਖੜਾਕ ਹੋਏ। ਉਹ ਘਬਰਾਇਆ ਉਠਿਆ। ਉਹਨੇ ਘਰ ਦੇ ਬਹਿਣ ਵਾਲੇ ਕਮਰੇ ਦੀ ਬੱਤੀ ਜਗਾਈ। ਸਾਰਾ ਕਮਰਾ ਟੁਟੇ ਸ਼ੀਸ਼ਿਆਂ ਨਾਲ ਭਰਿਆ ਪਿਆ ਸੀ ਅਤੇ ਬਾਹਰੋਂ ਅਜੇ ਵੀ ਪੱਥਰਾਂ ਮਾਰੇ ਜਾ ਰਹੇ ਸਨ। ਉਹਨੇ ਕੰਧ ਉਹਲੇ ਹੋ ਕੇ ਪੜਦਾ ਖੋਲ੍ਹਿਆ। ਗੋਰਿਆਂ ਦੇ ਮੁੰਡਿਆਂ ਦਾ ਇਕ ਟੋਲਾ ਬਾਹਰ ਖੜਾ ਉੱਚੀ ਉੱਚੀ ਗਾਲ੍ਹਾਂ ਕੱਢ ਰਿਹਾ ਸੀ। ਗੋਰਿਆਂ ਦੇ ਮੁੰਡੇ ਜੋ ਕੁਝ ਵੀ ਹਿੰਦੁਸਤਾਨੀਆਂ ਜਾਂ ਪੰਜਾਬੀਆਂ ਵਾਂਗ ਟੁੱਟ ਫੁੱਟਾ ਜਾਣਦੇ ਸਨ ਕਹਿ ਕਹਿ ਕੇ ਗਾਲ੍ਹਾਂ ਕੱਢ ਰਹੇ ਸਨ ਤੇ ਪੱਥਰ ਮਾਰ ਰਹੇ ਸਨ। ਉਹ ਅੰਦਰ ਕੰਧ ਨਾਲ ਲੱਗਾ ਆਪਣੀ ਡਰੀ ਹੋਈ ਸਾਥਣ, ਰੋ ਰਹੇ ਬੱਚੇ ਤੇ ਘਬਰਾਏ ਹੋਏ ਬੱਢੇ ਮਾਂ-ਪਿਉ ਵੱਲ ਵੇਖ ਰਿਹਾ ਸੀ ਜਿਹਨਾਂ ਦੀਆਂ ਨਜ਼ਰਾਂ ਵਿਚ ਇਕ ਪ੍ਰਸ਼ਨ ਸੀ, ਪ੍ਰਸ਼ਨ ਜਿਹੜਾ ਸਾਫ਼ ਸਾਫ਼ ਕਹਿ ਰਿਹਾ ਸੀ ਕਿ ਤੂੰ ਹੀ ਘਰ ਵਿਚ ਕੁਝ ਕਰਨ ਵਾਲਾ ਹੈ, ਕੁਝ ਕਰ ਵੀ ਖੜਾ ਕਿਉਂ ਦੇਖੀ ਜਾਨੈਂ ? ■

IMPORTERS EXPORTERS WHOLESALERS RETAILERS
**ROKKO SAREES & FABRICS**
S-39, GREEN PARK, NEW DELHI-16, INDIA. PHONE: 77790
OWNED AND OPERATED BY B.S. KHURANA AND SONS AND GRANDSONS

FOR GOOD SERVICE

LIST YOUR PROPERTY

WITH

# DEOL REALTY LTD.

STE 100—2096 W. 41st Avenue, Vancouver, B.C.
V6M 1Y9

GURMINDER SINGH DEOL PRESIDENT

Off. 263-2112 Res. 277-1184

# SUPREME TRAVEL SERVICE



3397 KINGSWAY, VANCOUVER, B.C.

FOR:

* CHARTERS
* GROUPS
* TOURS TO ANY WHERE IN THE WORLD



THE AGENCY TO PLEASE EVERYBODY.

Phone: 438-4371 Open 6 days

ਸਚਾਈ ਕਾਲਮ

# ਸੰਜੀਵਨੀ ਬੂਟੀ

(ਹਾਸਰਸ)

## "ਲੀਡਰੀ ਦੇ ਆਸ਼ਕ"

(ਜਸਵਿੰਦਰ ਭੰਗੂ- ਸਾਬਕਾ ਸਰਕੂਲੇਸ਼ਨ ਐਡੀਟਰ)

"ਆਈਏ ਆਈਏ ਲੀਡਰ ਸਾਹਿਬ, ਕਿਵੇਂ ਆਉਂਣੇ ਹੋਏ ? ਅਜ ਤਾਂ ਸੂਰਜ ਦੂਜੇ ਪਾਸਿਓਂ ਹੀ ਚੜ੍ਹਨਾ ਚਾਹੀਦਾ ਸੀ।" ਫ਼ੌਜਾ ਸਿੰਘ ਨੇ ਵੈਨਕੋਵਰ ਦੇ ਇਕ ਹਾਰੇ ਹੋਏ ਤੇ ਵਫ਼ਾਦਾਰ ਲੀਡਰ ਨੂੰ ਦਰਵਾਜ਼ੇ 'ਚ ਪੈਰ ਧਰਦੇ ਹੋਏ ਨੂੰ ਪੁਛਿਆ।

"ਕੀ ਦਸਾਂ ਫ਼ੌਜਾ ਸਿੰਘ ਜੀ, ਲੀਡਰੀ ਕਾਹਦੀ ਸੰਭਾਲੀ ਹੈ, ਨਾ ਦਿਨੇ ਅਰਾਮ ਤੇ ਨਾ ਰਾਤ ਨੂੰ ਚੈਨ। ਲੋਕ ਨਾ ਖਾਣਾ ਖਾਣ ਦਿੰਦੇ ਨੇ, ਨਾ ਪਾਣੀ ਪੀਣ ਦਿੰਦੇ ਨੇ, ਨਾ ਘਰ ਦਾ ਕੰਮ ਹੀ ਹੁੰਦਾ ਹੈ ਤੇ ਨਾ ਬਾਹਰ ਦਾ। ਬਸ ਪੁਛੋ ਹੀ ਨਾ, ਜਦੋਂ ਦੀ ਐਕਟਿੰਗ ਲੀਡਰੀ ਹੱਥ ਆਈ ਹੈ, ਸਮਝੋ ਗਲ 'ਚ ਫਾਹਾ ਹੀ ਪਿਆ ਹੋਇਆ।" ਲੀਡਰ ਨੇ ਬਿਨਾਂ ਪੁੱਛੇ ਕੁਰਸੀ ਤੇ ਬੈਠਦੇ ਹੋਏ ਨੇ ਕਿਹਾ।

"ਦਰਅਸਲ ਲੀਡਰ ਸਾਹਿਬ ਵਡੇ ਘਰਾਂ ਦੀਆਂ ਵਡੀਆਂ ਹੀ ਮਿਰਚਾਂ ਹੁੰਦੀਆਂ, ਨਾਲੇ ਰਾਜਨੀਤਕ ਆਪਣੇ ਨੂੰ ਚੈਨ ਕਿੱਥੇ, ਹੇਰਾ ਫੇਰੀਆਂ, ਧੋਖੇ ਫ਼ਰੇਬ, ਝੂਠ ਨਾਲ ਤੁਹਾਡਾ ਕਿੱਤਾ ਹੋਇਆ। ਲੋਕਾਂ ਨੂੰ ਬੇਵਕੂਫ਼ ਬਣਾਉਣਾ ਤੁਹਾਡਾ ਆਰਟ ਹੋਇਆ।" ਫੌਜਾ ਸਿੰਘ ਆਪਦੇ ਹੀ ਸੰਸ਼ਨ 'ਚ ਸਭ ਕੁਝ ਕਹਿ ਗਿਆ।

"ਆਹੋ ਫੌਜਾ ਸਿੰਘ ਜੀ, ਇਹੋ ਕਾਸੇ ਦੀ ਤਾਂ ਪਹਿਲਾਂ ਟਰੇਨਿੰਗ ਲੈਣੀ ਪੈਂਦੀ ਆ — ਜੇ ਝੂਠ ਤੂਫ਼ਾਨ ਨਾ ਬੋਲੀਏ ਤਾਂ ਸਾਡਾ ਗੁਜ਼ਾਰਾ ਕਿਥੇ। ਚੜ੍ਹੇ ਦਿਨ ਕੋਈ ਨਾ ਕੋਈ ਰਾਜਨੀਤੀ ਦੀ ਬਿਪਤਾ ਪਈ ਰਹਿੰਦੀ ਹੈ। ਪਹਿਲਾਂ ਤਾਂ ਆਹ ਵੈਨਕੋਵਰ ਦੀ ਗੱਲ ਲੈ ਲਓ — ਆਹ ਸਿੱਖਾਂ ਦੇ ਵਿਚ ਕੋਈ ਨਾ ਕੋਈ ਇਲੈਕਸ਼ਨ ਆਈ ਰਹਿੰਦੀ ਹੈ। ਕਦੇ ਗੁਰਦੁਆਰਿਆਂ ਦੀ ਤੇ ਕਦੇ ਵੈਲਫੇਅਰ ਕਮੇਟੀ ਦੀ, ਹਾਲੇ ਇਕ ਗੁਰਦੁਆਰੇ ਦੀਆਂ ਇਲੈਕਸ਼ਨਾਂ ਮੁਕਦੀਆਂ ਨਹੀਂ, ਦੂਸਰੇ ਗੁਰਦੁਆਰੇ ਦੀਆਂ ਚੋਣਾਂ ਪਹਿਲਾਂ ਆ ਜਾਂਦੀਆਂ ਨੇ। ਸਹੁਰਾ ਚੁਣਿਆਂ ਕੋਈ ਹੋਰ ਜਾਂਦਾ, ਬਿਪਤਾ ਵਾਧੂ ਮੈਨੂੰ। ਕੀ ਦਸਾਂ ਫ਼ੌਜਾ ਸਿੰਘ ਜੀ, ਸਿੱਖਾਂ ਤੋਂ ਔਖੇ ਸੌਖੇ ਮਸਾਂ ਵਿਹਲੇ ਹੋਈਦਾ, ਉਦੋਂ ਨੂੰ ਕੋਈ ਨਾ ਕੋਈ ਸੀਟੀ-ਮੇਅਰ ਦੀ ਸੀਟ ਖ਼ਾਲੀ ਹੋ ਜਾਂਦੀ ਹੈ ਫਿਰ ਮੈਨੂੰ ਦੌੜਨਾ ਪੈਂਦਾ।"

ਲੀਡਰੀ ਵੀ ਅਕਸਰ ਤੁਹਾਡੇ ਕੋਲ ਹੀ ਹੈ, ਲੀਡਰ ਸਾਹਿਬ। ਜੇ ਤੁਸੀਂ ਨਾ ਹੋਸੋ ਤਾਂ ਦੁਨੀਆਂ ਦੇ ਅੱਧੇ ਲੋਕ ਭੁਖੇ ਮਰ ਜਾਣ। ਆਹ ਜਿਹੜਾ ਤੁਸੀਂ ਇੰਨਸ਼ੋਰੈਨਸ਼ ਦਾ ਕੰਮ ਕਰਦੇ ਹੋ, ਇਸ ਵਲੋਂ ਤਾਂ ਲੋਕ ਉਂਝ ਹੀ ਤਿਹਾਏ ਮਰ ਜਾਣ ਜੇ ਦੋ ਚਾਰ ਲੋਕਾਂ ਦਾ ਮਹੀਨੇ 'ਚ ਪਾਸਾ ਪੂਰਾ ਨਾ ਪਾਵੋ।

"ਅਜ ਤਿੰਨ ਦਿਨ ਹੋ ਗਏ, ਮੰਜੇ ਤੇ ਢੂਹੀ ਸਿਧੀ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਏਧਰ ਮੇਅਰ ਹਾਲੇ ਨਵਾਂ ਨਹੀਂ ਚੁਣਿਆ ਗਿਆ, ਉਨਾਂ ਚਿਰ ਮੈਨੂੰ ਐਕਟਿੰਗ ਮੇਅਰ ਦਾ ਅਹੁਦਾ ਸੰਭਾਲਣਾ ਪਿਆ। ਰਾਤ ਸਵਾ ਗਿਆਰਾਂ ਵਜੇ ਮੇਰੇ ਘਰ ਵਾਲੀ ਦਸਦੀ ਸੀ ਕਿ ਬੈਰਟ ਅਚਾਨਕ ਆਪਣੇ ਟੀਰ ਟੱਬਰ ਨੂੰ ਨਾਲ ਲੈ ਕੇ ਮੈਕਸੀਕੋ ਚਲਿਆ ਗਿਆ, ਉਧਰ ਮੈਨੂੰ ਬਿਪਤਾ ਪਈ ਹੋਈ ਆ। ਸਾਰਾ ਰਾਜਨੀਤੀ ਦਾ ਕੰਮ ਐਕਟਿੰਗ ਪ੍ਰੀਮੀਅਰ ਦੇ ਤੌਰ 'ਤੇ ਮੈਨੂੰ ਪੰਭਾਲ ਗਿਆ।"

"ਫੇਰ ਤਾਂ ਲੀਡਰ ਸਾਹਿਬ ਬੀ. ਸੀ. ਦੇ ਵਿਚ ਸਾਰੀ ਤਾਕਤ ਆਪਣੇ ਹੱਥਾਂ ਵਿਚ ਹੀ ਹੈ। ਬਸ ਦੋ ਚਾਰ ਕੰਪਨੀਆਂ ਦੇ ਠੇਕੇ ਦੇ ਦਿਓ, ਪੰਜ-ਸੱਤ ਛੋਟੇ-ਮੋਟੇ ਅਪਾਰਟਮੈਂਟ ਦਿਵਾ ਦਿਓ। ਬਸ ਇਕ ਗੱਲ ਲੀਡਰ ਸਾਹਿਬ ਮੇਰੀ ਗੱਲ ਜ਼ਰੂਰ ਮੰਨ ਲਓ, ਆਹ ਜਿਹੜੀ ਪੌਲੀਸ ਹੈ ਨਾ, ਪੰਦਰਾਂ ਦਿਨਾਂ ਵਿਚ ਇੰਡੀਆ' ਵਰਗੀ ਬਣਾ ਦਿਓ। ਸਹੁਰੀ ਨੂੰ ਪਤਾ ਨਹੀਂ ਕਿ ਚਿੜੇ ਮਾਰ ਕੇ ਖੁਆਏ ਹੋਏ ਨੇ, ਅੱਖ ਨਹੀਂ ਫਰਕਣ ਦਿੰਦੇ, ਝੱਟ ਘੁੱਗੂ ਘੁਮਾ ਦਿੰਦੇ ਨੇ।"

"ਫੌਜਾ ਸਿੰਘ ਜੀ ਤੁਹਾਡੇ ਕਹੇ ਬਗੈਰ ਹੀ, ਪੰਦਰਾਂ ਦਿਨਾਂ ਵਿਚ ਰਗੜ ਵਾਲੇ ਕੱਢ ਦਿਆਂਗਾ। ਨਾਲ ਹੀ ਬਲੈਕ ਮਾਰਕਿਟ ਸਿਖਾਣ ਲਈ ਨਾਈਟ ਕਲਾਸਾਂ ਸ਼ੁਰੂ ਕਰਵਾ ਦੇਣੀਆਂ।" ਲੀਡਰ ਸਾਹਿਬ ਨੇ ਫ਼ਰਮਾਇਆ।

"ਫਿਰ ਤਾਂ ਲੀਡਰ ਸਾਹਿਬ ਮੌਜਾਂ ਹੀ ਲਗ ਜਾਣਗੀਆਂ।"

"ਮੌਜ ਕਾਹਦੀ ਹੈ, ਚੜ੍ਹੇ ਦਿਨ ਕੋਈ ਨਾ ਕੋਈ ਸਿਰਦਰਦੀ ਹੋਈ ਰਹਿੰਦੀ ਆ। ਐਪਰ ਇਕ ਕੰਮ ਮੁਕਦਾ ਨਹੀਂ — ਦੂਸਰਾ ਸ਼ੁਰੂ ਹੋ ਜਾਂਦਾ ਹੈ। ਜਦੋਂ ਘਰ ਜਾਂਦਾ ਹਾਂ ਥੱਬਾ ਚਿਠੀਆਂ ਦਾ ਆਇਆ ਪਿਆ ਹੁੰਦਾ ਤੇ ਉਤਾਂਹ ਤੋਂ ਲੈ ਕੇ ਥੱਲੇ ਤਕ ਗੱਤਾ ਫੂਨਾਂ ਦਾ ਭਰਿਆ ਪਿਆ ਹੁੰਦਾ। ਪਿਛਲੇ ਮਹੀਨੇ ਇਕ ਸੈਕਟਰੀ ਰਖੀ ਸੀ, ਉਸ ਨੂੰ ਤਨਖ਼ਾਹ ਨਹੀਂ ਦੇ ਹੋਈ। ਉਸ ਕੰਜਰੀ ਨੇ ਆਪ ਤਾਂ ਦੌੜਨਾਂ ਸੀ ਨਾਲ ਮੇਰੀ ਤੀਵੀਂ ਨੂੰ ਵੀ ਭਜਾ ਕੇ ਲੈ ਗਈ। ਹੁਣ ਇਕ ਹੋਰ ਬਿਪਤਾ ਪੈ ਗਈ ਕਿ ਦੋ ਸੈਕਟਰੀਆਂ ਰਖਣੀਆ ਪੈਣੀਆਂ ਨੇ, ਤੇ ਉਤੋਂ ਨਵੇਂ ਵਿਆਹ ਦਾ ਵਾਧੂ ਫ਼ਿਕਰ। ਕਲ ਬੈਠਾ ਹਾਲੇ ਨਵੇਂ ਵਿਆਹ ਬਾਰੇ ਸੋਚ ਰਿਹਾ ਸੀ। ਆਹ — ਮੰਦਰ ਦੇ ਘੜਿਆਲ ਵਾਂਗ, ਆ ਖੜਕਿਆ ਮਿਸਟਰ ਟਰੂਡੋ ਤੇ ਮਹਾਰਾਣੀ ਟਰੂਡੋ ਦਾ ਫੂਨ ਕਿ ਅਸੀਂ ਆਪਣੇ ਸਹਿਬਜ਼ਾਦਿਆਂ ਨੂੰ ਬਾਹਰ ਲੈ ਕੇ ਜਾ ਰਹੇ ਹਾਂ।

ਫੇਰ ਤਾਂ ਲੀਡਰ ਸਾਹਿਬ ਤੁਸੀਂ ਬੈਰਟ ਨੂੰ ਸੁਣੋ, ਰਿਵਰ ਵਿਚ — "ਆਹ ਸੈਂਟਲ ਵਾਲੇ ਅਹੁਦੇ ਨੂੰ ਹੱਥ ਪਾਓ, ਨਾਲੇ ਵੱਡੇ ਵੱਡੇ ਲੀਡਰਾਂ ਨਾਲ ਮੁਲਾਕਾਤਾਂ ਹੋਣਗੀਆਂ। ਫੌਜਾ ਸਿੰਘ ਨੇ ਵਿਚੋਂ ਹੀ ਟੋਕ ਕੇ ਕਿਹਾ।

"ਮੈਂ ਤਾਂ ਫੌਜਾ ਸਿੰਘ ਜੀ ਬਥੇਰੇ ਤਰਲੇ ਕੱਢੇ ਟਰੂਡੋ ਦੇ ਕਿ ਤਾਰਲ-ਮੈਕਡਾਰਲ ਨੂੰ ਐਕਟਿੰਗ ਦਾ ਅਹੁਦਾ ਸੰਭਾਲ ਕੇ ਚਲਿਆ ਜਾ, ਪਰ ਟਰੂਡੋ ਗੰਜਾ ਜਿਹਾ ਕਿਥੇ ਮੰਨੇ। ਮੈਨੂੰ ਕਹਿੰਦਾ ਤੇਰੇ ਵਰਗਾ ਸਟਰਾਂਗ ਮੰਤਰੀ ਮੈਨੂੰ ਨਹੀਂ ਮਿਲਨਾ। ਗੱਲ ਇਹ ਹੈ ਫੌਜਾ ਸਿੰਘ ਜੀ, ਮੈਂ ਤਾਂ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਵਾਂ। ਔਹ — ਜਿਹੜਾ ਗੜ੍ਹੇਅ-ਡੱਡੂ ਜਿਹਾ ਸਟੈਨਫੀਲਡ ਬੈਠਾ। ਉਸ ਨੇ ਕਿਹੜਾ ਲੰਮਾਂ ਸੋਚਣਾ, ਪਾਸਾ ਪੁਠਾ ਕਰਨ ਦੀ ਕਰਨੀ ਆਂ।

"ਕੋਈ ਨਹੀਂ ਲੀਡਰ ਸਾਹਿਬ ਰਾਜਨੀਤੀ ਵਿਚ ਇਵੇਂ ਹੀ ਹੁੰਦਾ ਕਦੇ ਹੇਠਾਂ ਕਦੇ ਉਤੇ।"

"ਕਿਹੜਾ ਇਕ ਫ਼ਿਕਰ ਹੈ ਫ਼ੌਜਾ ਸਿੰਘ ਜੀ। ਉਧਰ ਪੰਜਾਬ ਦੀ ਮਨਿਸਟਰੀ ਦਾ

IMPORTERS EXPORTERS WHOLESALERS RETAILERS

**ROKKO SAREES & FABRICS**

7-5.4-CHOME. ISOBE DORI. FUKIAI
KU. KOBE. JAPAN

Phone:
251-6440

OWNED AND OPERATED BY B.S. KHURANA AND SONS AND GRANDSONS

ਫ਼ਿਕਰ ਲਗਿਆ ਹੋਇਆ। ਪੰਜਾਬ 'ਚ ਤਰਖਾਣ ਗੱਦੀ ਤੇ ਬਿਠਾ ਦਿਤਾ ਮਹਾਰਾਣੀ ਨੇ। ਮੈਨੂੰ ਇੰਜ ਲਗਦਾ ਕਿ ਕਿਤੇ ਕਾਂਗਰਸ ਦਾ ਕੂੰਡਾ ਹੀ ਨਾ ਕਰ ਦੇਵੇ। ਕਾਂਗਰਸ ਨੂੰ ਕਾਮਯਾਬ ਕਰਨ ਲਈ ਸਾਡੇ ਗੋਡੇ ਘਸ ਗਏ, ਇਸ ਮੂਰਖ ਨੇ ਭੰਗ ਦੇ ਭਾੜੇ ਹੀ ਰੋੜ ਦੇਣੀ ਆ। ਮੈਂ ਬਥੇਰਾ ਮਿਸਜ਼ ਗਾਂਧੀ ਨੂੰ ਕਿਹਾ ਕਿ ਤਰਖਾਣ ਨੂੰ ਨਾਂ ਅਗੇ ਲੈ ਕੇ ਆ। ਪਰ ਕੁੜੀ ਸਹੁਰੀ ਮੰਨੇ ਹੀ ਨਾ, ਉਲਟਾ ਪਤਾ ਮੈਨੂੰ ਕੀ ਕਹਿੰਦੀ, ਕਿ ਜਾਂ ਤਾਂ ਤੁਸੀਂ ਸੈਂਟਰ 'ਚ ਆ ਜਾਓ ਜਾਂ ਪੰਜਾਬ ਦੇ ਮੁਖ ਮੰਤਰੀ ਬਣ ਜਾਓ। ਮੈਂ ਬਥੇਰਾ ਧੀ ਰਾਣੀ ਨੂੰ ਸਮਝਾਇਆ ਕਿ ਮਿਸਟਰ ਟਰੂਡੋ ਆਉਟ ਸਾਈਡ ਗਿਆ ਹੋਇਆ, ਉਸ ਦੇ ਆਏ ਤੇ ਭਾਰਤ ਦੀ ਦੇਖ ਭਾਲ ਕਰਾਂਗਾ, ਪਰ ਸਹੁਰੀ ਮੰਨੀ ਹੀ ਨਹੀਂ, ਆਪਣੀ ਸਾੜ੍ਹੀ ਨੂੰ ਪਤਾ ਨਹੀਂ ਕਿ ਥੋਅ ਜਿਹੀ ਲਾ ਲਿਆਈ, ਉਹ ਅਗੇ ਅਗੇ ਮੈਂ ਐਕਟਿੰਗ ਆਸ਼ਕ ਪਿਛੇ ਪਿਛੇ। ਖ਼ੈਰ ਕਨੇਡਾ ਦੀ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਖਹਿੜਾ ਛਡਵਾ ਕੇ ਮੈਨੂੰ ਖ਼ਜਾਨਾ ਮੰਤਰੀ ਇੰਡੀਆ ਬਣਾ ਦਿਤਾ। ਬਸ ਪੁਛੋ ਹੀ ਨਾ, ਫੌਜਾ ਸਿੰਘ ਜੀ, ਉਹ ਮਾਇਆ ਦੇ ਗੱਫੇ ਮਿਲੇ-ਗੱਫੇ ਮਿਲੇ, ਪੁਲਸ ਵਾਲੇ ਅਗੇ ਪਿਛੇ, ਝੰਡੀਆਂ ਵਾਲੀਆਂ ਕਾਰਾਂ-ਸਪੀਕਰ ਲਗੇ, ਬਸ ਮੈਨੂੰ ਕਹਿੰਦੀ ਸਪੀਚ ਐਵੇਂ ਕੀਤੀ, ਜਿਵੇਂ ਰੋਅਬ ਨਾਲ — ਭਾਵੇਂ ਗਾਲਾਂ ਹੀ ਕੱਢੀਆਂ। ਇਕ ਦਿਨ ਸੱਚੀ ਮੁੱਚੀ ਕਿਤੇ ਉਹ ਬਾਹਰ ਗਈ ਹੋਈ ਸੀ। ਮੈਂ ਝਟ ਐਕਟਿੰਗ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲ ਲਿਆ। ਇਕ ਵਾਰੀ ਪਬਲਿਕ ਜਲਸੇ ਵਿਚ ਆਪਦਾ ਭਾਸ਼ਣ ਸ਼ੁਰੂ ਕੀਤਾ ਤਾਂ ਅੱਧਾ ਘੰਟਾ ਕੁ ਪੂਰਾ ਉਹ ਬਕਵਾਸ ਕੀਤਾ; ਰਹੇ ਰੱਬ ਦਾ ਨਾਂ।

"ਫਿਰ ਕੀ ਹੋਇਆ," ਫੌਜਾ ਸਿੰਘ ਕੁਰਸੀ ਅਗਾਂਹ ਕਰਦੇ ਨੇ ਪੁੱਛਿਆ।

ਹੋਣਾ ਕੀ ਸੁਆਹ ਤੇ ਖੇਹ, ਇਟਾਂ ਤੇ ਰੋੜੇ ਜੁਤੀਆਂ-ਪੱਥਰ, ਆਹ ਨੱਕ ਤੇ ਨਿਸ਼ਾਨੀ ਨਹੀਂ ਦਿਸਣੀ, ਨਿਕੰਮਿਆਂ, ਲੋਕਾਂ ਨੇ ਬੜੇ ਗਰਮ ਆਦਰ ਮਾਨ ਨਾਲ ਮੁਰਦਾ ਬਾਅਦ ਦੇ ਨਾਹਰੇ ਲਾਏ। ਖ਼ੈਰ ਮੈਨੂੰ ਅਸਤੀਫ਼ਾ ਦੇਣਾ ਪਿਆ। ਫਿਰ ਸੋਚਿਆ ਹੁਣ ਕੀ ਕਰੀਏ। ਇਕ ਦਿਨ ਤਿੰਨ ਵੱਜ ਕੇ 31 ਮਿੰਟ ਤੇ ਟੈਲੀਫ਼ੂਨ ਆਇਆ। ਪਹਿਲਾਂ ਤਾਂ ਮੈਂ ਚੁਕਿਆ ਹੀ ਨਾ, ਮਤੇ ਕਿਤੇ ਪੁਲਿਸ ਅਸਫ਼ਰ ਨੇ ਵਰੰਟਾਂ ਲਈ ਟੈਲੀਫ਼ੂਨ ਨਾ ਕੀਤਾ ਹੋਵੇ। ਮੇਰਾ ਸਾਹ ਚੜਿਆ ਹੋਇਆ, ਪੰਜਾਮੇਂ ਦੀ ਇਕ ਲੱਤ ਪਾਈ ਹੋਈ ਦੂਸਰੀ ਉਵੇਂ ਹੀ ਘਸੀਟਦਾ ਹੋਇਆ ਆਇਆ। ਜਦੋਂ ਮਿਸਜ਼ ਗਾਂਧੀ ਦਾ ਬੋਲ ਸੁਣਿਆ ਤਾਂ ਕੁਝ ਸਾਹ ਵਿਚ ਸਾਹ ਆਇਆ।"

"ਕੀ ਫ਼ਰਮਾਇਆ ਇੰਦਰਾ ਬੀਬੀ ਰਾਣੀ ਨੇ।"

"ਕੀ ਫ਼ਰਮਾਉਣਾ ਸੀ ਦਿਲ ਤੇ ਕੁੱਕੜ, ਮੈਨੂੰ ਕਹਿੰਦੀ ਤੂੰ ਯੂ. ਇਨ. ਓ, (U. N. O.) ਦਾ ਇੰਡੀਆ ਵਲੋਂ ਨੁਮਾਇੰਦਾ ਬਣਕੇ ਚਲਿਆ ਜਾਹ। ਉਥੇ ਜੋ ਆਪਣਾ ਨੁਮਾਇੰਦਾ ਸੀ, ਉਹ ਤਿੰਨ ਮਹੀਨੇ ਲਈ ਸਿਰਦਰਦ ਕਰਕੇ ਮੈਂਟਲ ਹਸਪਤਾਲ ਹੈ। ਮੈਂ ਪਹਿਲਾਂ ਤਾਂ ਇਹ ਇਰਾਦਾ ਕੀਤਾ ਕਿ ਇਹ ਆਹੁਦਾ ਐਕਟਿੰਗ ਤਾਂ ਨਹੀਂ ਪੈਂਦਾ ਹੈ। ਫਿਰ ਸੋਚਿਆ ਜੇ ਮਹਾਰਾਣੀ ਤੋਂ ਪੁਛਿਆ — ਖ਼ਬਰੇ ਕੀ ਤੀਰ ਚਲਾ ਦੇਵੇ। ਖ਼ੈਰ ਮੈਂ ਰਾਤੋਂ ਰਾਤ ਦਿਲੀ ਪਹੁੰਚਿਆ ਤੇ ਜਾਣ ਸਾਰ ਹੀ ਜੁਲੀ ਬਿਸਤਰਾ ਇਕੱਠਾ ਕਰਕੇ ਵਸ਼ਿੰਗਟਨ ਜਾ ਬਰਾਜਮਾਨ ਹੋਇਆ।"

ਜਦੋਂ ਜਾ ਬੈਠਾ ਕੁਰਸੀ ਤੇ ਮੀਟਿੰਗ ਹੋਈ। ਸਾਰੇ ਦੇਸ਼ਾਂ ਦੇ ਨੁਮਾਇੰਦ ਮੇਰੇ ਵਲ ਬਿਟਰ ਬਿਟਰ ਦੇਖਣ-ਕਿ ਇਹ ਤਾਂ ਉਹੀ ਆਦਮੀ ਹੈ, ਜਿਹੜਾ ਬੀ. ਸੀ. ਦਾ ਪੀਰੀਮੀਅਰ ਸੀ। ਬਾਅਦ 'ਚ ਕੈਨੇਡਾ ਦਾ ਪ੍ਰਧਾਨ ਮੰਤਰੀ। ਫਿਰ ਇੰਡੀਆ ਦਾ ਐਕਟਿੰਗ ਖਜਾਨਾ-ਮੰਤਰੀ। ਆਖਰਕਾਰ ਮੈਂ ਸ਼ਰਮ ਨਾਲ ਆਪਣਾ ਸਿਰ ਨੀਂਵਾਂ ਕੀਤਾ। ਹਾਲੇ ਸੋਚ ਹੀ ਰਿਹਾ ਸੀ ਕਿ ਇਹ ਅਹੁਦਾ ਮੇਰੀ ਸ਼ਾਨ ਨੂੰ ਘਟਾਉਂਦਾ ਹੈ ਕਿਥੇ ਦੋ ਦੇਸ਼ਾਂ ਦਾ ਐਕਟਿੰਗ ਪ੍ਰਧਾਨ ਮੰਤਰੀ ਰਹਿ ਚੁਕਿਆ ਹਾਂ ਹਰ ਦੇਸ ਦਾ ਲੀਡਰ ਕੀ ਚੀਨ, ਜਾਪਾਨ, ਰੂਸ, ਅਮਰੀਕਾ ਮੈਥੋਂ ਪੁਛ ਕੇ ਗੱਲ ਕਰਦਾ ਸੀ। ਬਸ ਹੀਥ ਤਾਂ ਆਥਣ ਸਵੇਰ ਮੇਰੇ ਪੈਰ ਪੂਜਦਾ ਸੀ। ਨਿਕਸਨ ਤੇ ਅਰਬ ਕੰਟਰੀ ਦੇ ਲੀਡਰ ਤੇ ਬੂਟੋ ਹੋਣੀਂ ਤਾਂ ਮੂਤਣ ਲਗ ਜਾਂਦੇ ਸਨ। ਕਿਥੇ ਇਕ ਮਾਮੂਲੀ ਜਿਹਾ ਅਹੁਦਾ ! ਹਾਲੇ ਮੈਂ ਸੋਚ ਹੀ ਰਿਹਾ ਸੀ ਕਿ ਜਦੋਂ ਮੀਟਿੰਗ ਮੁਕੀ ਤਾਂ ਮਿਸਜ਼ ਗਾਂਧੀ ਨੂੰ ਫ਼ੂਨ ਮਾਰਾਂਗਾ ਕਿ ਮੈਂ ਇਸ ਅਹੁਦੇ ਤੇ ਨਹੀਂ ਰਹਿਣਾ। ਇੰਨੇ ਚਿਰ ਨੂੰ ਮੇਰੇ ਵਲ ਇਕ ਆਦਮੀ ਕੋਡਾ ਕੋਡਾ ਆਉਂਦਾ ਦਿਸਿਆ। ਹੌਲੀ ਜਿਹੇ ਉਸ ਨੇ ਮੇਰੇ ਕੰਨ ਵਿਚ ਕੁਝ ਕਿਹਾ। ਪਹਿਲਾਂ ਤਾਂ ਮੈਨੂੰ ਸੁਣਿਆਂ ਨਾ ਚੱਜ ਨਾਲ, ਜਦੋਂ ਗਹੁ ਨਾਲ ਸਮਝਿਆ ਕਿ ਨਿਕਸਨ ਨੇ ਤੈਨੂੰ ਜਾਤੀ ਤੌਰ ਤੇ ਮਿਲਨ ਲਈ ਸੱਦਾ ਦਿਤਾ।

"ਐਨੇ ਵੱਡੇ ਆਦਮੀ ਨਾਲ ਮੁਲਾਕਾਤ" ਫੌਜਾ ਸਿੰਘ ਨੇ ਹੈਰਾਨੀ ਨਾਲ ਪੁਛਿਆ।

"ਹਾਂ ਫੌਜਾ ਸਿੰਘ ਜੀ ਵਡੇ ਘਰਾਂ ਦੀਆਂ ਵੱਡੀਆਂ ਮਿਰਚਾਂ। ਸਾਡੇ ਕਿਹੜਾ ਪੈਰ ਛੋਟੇ ਨੇ ਤਾਂਹਿਓਂ ਤਾਂ U. N. O. ਦੇ ਨੁਮਾਇੰਦੇ ਦੇ ਤੌਰ ਤੇ ਮੈਂ ਅਸਤੀਫਾ ਦੇਣ ਦਾ ਦਿਲ ਬਣਾਇਆ ਖ਼ੈਰ ਮੈਂ ਫੌਜਾ ਸਿੰਘ ਜੀ ਮੀਟਿੰਗ ਖ਼ਤਮ ਹੁੰਦੇ ਸਾਰ ਹੀ ਝੱਟ ਨਿਕਸਨ ਦੇ ਮਹੱਲ ਵਿਚ ਜਾ ਹਾਜ਼ਰ ਹੋਇਆ। ਦਿਲ ਨੇ ਇਕ ਵਾਰ ਧੜਕਾ ਖਾਧਾ ਕਿ ਕਿਤੇ ਇਸ ਬਾਂਦਰ ਜਿਹੇ ਦੀ ਕੋਈ ਚਾਲ ਨਾ ਹੋਵੇ। ਇਸ ਪਾਰਟੀ ਨੇ ਕਨੇਡੀ ਦਾ ਖ਼ੂਨ ਕਰਾਇਆ — ਫਿਰ ਦੂਸਰਾ ਭਾਈ ਫਿਰ ਮਾਸਟਰ ਲੂਥਰ ਕਿੰਗ ਕਿਤੇ ਮੈਨੂੰ ਵੀ ਉਨ੍ਹਾਂ ਵਾਲਾ ਵਰਤਾਓ ਨਾ ਕਰੇ। ਜਕਦਾ-ਜੁਕਦਾ ਚਲਿਆ ਗਿਆ ਅੰਦਰ-ਪਹਿਰੇ ਵਾਲੇ ਲੋਕ ਬਾਹਰ ਖੜੇ ਅੰਦਰ ਗਿਆ — ਬਸ ਫਿਰ ਕੀ ਸੀ। ਖੜਕਣ ਲਗ ਗਏ ਵਿਸਕੀ ਦੇ ਗਲਾਸ, ਵਿਚ ਸੂਰਜ-ਪਰੀਆਂ ਹੀ ਦਿਸਣ, ਜਦੋਂ ਮੈਂ ਸੱਤ ਸਾਲ ਦਾ ਸੀ, ਉਦੋਂ ਮੈਂ ਤੇ ਭਗਤ ਸਿੰਘ ਇਕੱਠੇ ਖੇਡਦੇ ਹੁੰਦੇ ਸਾਂ। ਉਹ ਵੀ ਸੱਜੀ ਉਂਗਲ ਨਾਲ ਹੱਲ ਚਲਾਈ ਜਾਵੇ ਤੇ ਮੈਂ ਵੀ ਟੁੱਟੀ ਹੋਈ ਇੱਟ ਦੀ ਮੋਟਰ ਚਲਾਈ ਜਾਵਾਂ। ਤੇ ਮੈਂ ਭਗਤ ਸਿੰਘ ਤੋਂ ਪੁੱਛਿਆ "ਭਗਤਿਆ ਤੂੰ ਕੀ ਬੀਜਦਾ ?" "ਮੈਂ ਦੁਮੂੰਕਾਂ ਬੀਜਦਾ।" ਫਿਰ ਮੈਂ ਪੁੱਛਿਆ — "ਤੂੰ ਕੀ ਕਰੇਂਗਾ ?" ਉਸ ਨੇ ਕਿਹਾ "ਮੈਂ ਦੁਸ਼ਮਣ ਦੀਆਂ ਜੜ੍ਹਾਂ ਉਖੇੜ ਦੇਵਾਂਗਾ।" ਥੋੜਾ ਚਿਰ ਤਾਂ ਉਹ ਚੁੱਪ ਰਿਹਾ, ਫਿਰ ਮੇਰੇ ਵਲ ਦੇਖਕੇ ਕਹਿੰਦਾ "ਤੂੰ ਕੀ ਕਰਦਾ !" ਮੈਂ ਆਖਿਆ ਮੈਂ ਸੜਕਾਂ ਬਣਾਉਂਦਾ। ਫਿਰ ਭਗਤੇ ਨੇ ਪੁੱਛਿਆ ਕਿ ਤੂੰ ਸੜਕਾਂ ਕੀ ਕਰੇਂਗਾ। ਮੈਂ ਦਸਿਆ ਕਿ ਆਪਣੀ ਫ਼ੌਜ ਦੀਆਂ ਗੱਡੀਆਂ ਚਲਿਆ ਕਰਨਗੀਆਂ। ਜਿਹੜੇ ਤੂੰ ਗੋਰੇ ਦੁਮੂੰਕਾਂ ਨਾਲ ਮਾਰੇਂਗਾ। ਉਨ੍ਹਾਂ ਦੀਆਂ ਲੋਥਾਂ ਟਰੱਕਾਂ 'ਚ ਲੱਦ ਕੇ ਸਮੁੰਦਰ 'ਚ ਤੇਘਾਂਗਾ।"

IMPORTERS EXPORTERS WHOLESALERS RETAILERS

**ROKKO SAREES & FABRICS**

S-39, GREEN PARK, NEW DELHI-16, INDIA. PHONE: 77790

OWNED AND OPERATED BY B.S. KHURANA AND SONS AND GRANDSONS

"ਅੱਛਾ ਲੀਡਰ ਸਾਹਿਬ, ਤਾਂ ਤੁਸੀਂ ਬੜੇ ਕਰਮਾਂ ਵਾਲੇ ਹੋ। ਜਿਹੜੇ ਭਗਤ ਸਿੰਘ ਦੇ ਲੰਗੋਟੀਆ ਯਾਰ ਰਹੇ ਹੋ।" ਛੱਜਾ ਸਿੰਘ ਨੇ ਕਿਹਾ।

"ਦਰਅਸਲ ਛੱਜਾ ਸਿੰਘ ਜੀ ਮੈਂ ਕਾਹਨੂੰ ਕਰਮਾਂ ਵਾਲਾ ਹਾਂ। ਮੇਰਾ ਪਿਓ ਕਰਮਾ ਵਾਲਾ ਹੈ — ਜਿਸਨੇ ਐਡੀ ਤਾਕਤ ਤਕ ਪਹੁੰਚਾਇਆ। ਏਸੇ ਕਰਕੇ ਤਾਂ ਵੱਡਿਆਂ ਆਦਮੀਆਂ ਨਾਲ ਬੈਠੀਦਾ। ਪਰ ਤੜਕਿਓਂ ਮੈਨੂੰ ਉਸ ਦਿਨ ਸੁਪਨਾ ਆਇਆ ਕਿ ਤੂੰ ਭਗਤ ਸਿੰਘ ਦਾ ਸਾਥ ਨਾ ਦੇਈਂ ਨਹੀਂ ਤਾਂ ਗੋਰੇ ਤੈਨੂੰ ਫਾਂਸੀ ਲਾ ਦੇਣਗੇ। ਮੈਂ ਇਹ ਗੱਲ ਲੜ ਬੰਨ ਲਈ। ਭਗਤ ਸਿੰਘ ਨੇ ਮੈਨੂੰ ਕਿਹਾ ਕਿ ਫਲਾਣੇ ਆਦਮੀ ਦੇ ਗੋਲੀ ਮਾਰੀਂ। ਮੈਂ ਗੋਲੀ ਮਾਰਨ ਦੀ ਥਾਂ ਬੂਟਿਆਂ ਉਹਲੇ ਲੁਕ ਕੇ ਆਪਣੀ ਬਹਾਦਰੀ ਦਾ ਸਬੂਤ ਦਿਤਾ। ਤੇ ਉਸੇ ਰਾਤ ਸੁਪਨਾ ਆਇਆ ਕਿ ਕਿਸੇ ਦਿਨ ਤੇਰੀ ਅਮਰੀਕਾ ਵਿਚ ਮਹਾਨ ਪੋਜ਼ਸ਼ਿਨ ਹੋਵੇਗੀ, ਉਹੀ ਗੱਲ ਹੋਈ, ਜੋ ਮੈਂ ਦਸ ਰਿਹਾਂ। ਨਿਕਸਨ ਨਾਲ ਮੁਲਾਕਾਤ ਹੋਈ। ਨਿਕਸਨ ਨੇ ਕਿਹਾ ਮੈਂ ਤੈਨੂੰ ਅਮਰੀਕਾ ਦਾ ਬਦੇਸ਼ ਮੰਤਰੀ ਬਣਾ ਦਿਆਂਗਾ। ਮੈਂ ਕਦੋਂ ਛੱਡ ਸਕਦਾ ਸੀ ਇਹ ਅਹੁਦਾ। ਮੈਂ ਉਸੇ ਵਕਤ-ਮੌਕਾ ਦੇਖਿਆ। ਦੋ ਗਲਾਸ ਵਿਸਕੀ ਦੇ ਅੰਦਰ ਸੁਟੇ ਤੇ ਇੰਦਰਾ ਨੂੰ ਫੂਨ ਮਾਰਿਆ। ਕਿ ਮੈਂ ਅਸਤੀਫਾ ਦੇ ਦਿਤਾ ਹੈ। ਇੰਦਰਾ ਨੇ ਉਹ ਹੰਝੂ ਡੇਗੇ ਰਹੇ ਰੱਬ ਦਾ ਨਾ। ਮੇਰੇ ਕੀ ਯਾਦ ਇਹੋ ਜਿਹੀ ਭੋਲੀ ਭਾਲੀ ਕੁੜੀ ਦੀਆਂ ਚਾਲਾਂ।

"ਫਿਰ ਕੀ ਹੋਇਆ ਛੱਜਾ ਸਿੰਘ ਨੇ ਹੋਰ ਚੇਤਾਵਨੀ ਨਾਲ ਪੁਛਿਆ।"

"ਬਸ ਨਿਕਸਨ ਨੇ ਤੋਰ ਦਿਤਾ ਬਦੇਸ਼ਾਂ ਨੂੰ। ਗਿਆਰਾਂ ਆਦਮੀ ਮੇਰੇ ਨਾਲ ਸਲਾਹ ਮਸ਼ਵਰੇ ਵਾਲੇ, ਮੇਰੇ 7 ਬਾਡੀ-ਗਾਰਡ ਜੇ ਸਵੇਰੇ ਵਸ਼ਿੰਗਟਨ ਤਾਂ ਸ਼ਾਮ ਇੰਗਲੈਂਡ, ਦੁਪਹਿਰ ਦਾ ਖਾਣਾ ਚੀਨ ਤੇ ਦੂਸਰੇ ਦਿਨ ਪੈਰਸ। ਕੀ ਦਸਾਂ ਪੈਰਸ ਦੀਆਂ ਪਰੀਆਂ ਦੀਆਂ ਗੱਲਾਂ, ਜਿਸ ਹੋਟਲ 'ਚ ਮੈਨੂੰ ਸਰਕਾਰੀ ਮਹਿਮਾਨ ਠਹਿਰਾਇਆ! ਮੇਰੀ ਡੀਲ ਡੋਲ ਦੇਖ ਕੇ 101 ਪਰੀਆਂ ਕਹਿੰ ਦਿਆਂ, ਐਡਾ ਵਡਾ ਲੀਡਰ। 'ਤੇ ਸਾਰਿਆਂ ਮੇਰੇ ਨਾਲ ਐਕਟਿੰਗ ਲਵ-ਮੈਰਿਜ ਕਰਾਉਣ ਲਈ ਤਿਆਰ। ਮੈਂ ਬਥੇਰਾ ਪਿਛਾ ਛੁੜਾਉਣ ਦੀ ਕੋਸ਼ਿਸ਼ ਕੀਤੀ। ਪਰ ਮੇਰਾ ਪਿਛਾ ਹੀ ਨਾਂ ਛਡਣ। ਫਿਰ ਕਿਤੇ ਅਰਬ-ਇਸਰਾਈਲ ਵਾਲਿਆਂ ਨਾਲ ਗੱਲਾਂ ਕਿਤੇ ਪਾਕਿਸਤਾਨ ਨਾਲ ਹਥਿਆਰਾਂ ਦਾ ਸੌਦਾ।"

ਉਨੀਂ ਦਿਨੀਂ ਮੇਰਾ ਨਾ ਕਸਿੰਜਰ ਰਖਿਆ ਹੋਇਆ ਸੀ। ਪਰ ਲੋਕ ਮੇਰਾ ਇਜ਼ਤਦਾਰ ਨਾਂ ਲੈਂਦੇ ਸੀ "ਕੰਜਰ" ਮੈਂ ਆਪਦਾ ਇਹ ਨਾਂ ਸੁਣਕੇ ਬੜਾ ਖੁਸ਼ ਹੁੰਦਾ।

"ਸ਼ੀ-ਸ਼ੀ-ਸ਼ੀ-ਤੁਹਾਨੂੰ ਪਤਾ ਅਸੀਂ ਪੰਜਾਬੀ ਲੋਕ ਕੰਜਰ ਦਾ ਮਤਲਬ ਕੀ ਲੈਂਦੇ ਹਾਂ।" ਛੱਜਾ ਸਿੰਘ ਨੇ ਕਿਹਾ।

"ਜੀ ਤੁਸੀਂ ਕੁਝ ਕਹੋ ਪੰਜਾਬੀ ਵਿਚ ਇਸ ਦਾ ਮਤਲਵ, ਪਰ ਇਹ ਦੁਨੀਆਂ ਦਾ ਸਭ ਤੋਂ ਪਾਪੂਲਵਰ ਨੇਮ ਹੈ। ਪਰੈਸ ਨਿਕਸਨ ਨੇ ਆਪਣੇ ਹੱਥ 'ਚ ਲੈ ਲਈ। ਡਰਦਾ ਫਿਰਦਾ ਤਾਂ, ਮੈਂ ਬੰਬਾਂ ਟੈਂਕਾਂ-ਜਹਾਜ਼ਾਂ ਦੇ ਵਪਾਰ। ਤੇ ਦੁਨੀਆਂ ਨੂੰ ਆਪਣੇ ਗੁਲਾਮ ਬਣਾਉਣ ਦੇ ਤਰੀਕੇ, ਪਰ ਅਖਬਾਰਾਂ ਵਿਚ ਸ਼ਾਂਤੀ ਦਾ ਢਕਵੰਜ ਰਚਾਇਆ। ਬਦਕਿਸਮਤੀ ਮੇਰੀ।

"ਉਹ ਕਿਵੇਂ" ਫੌਜਾਂ ਮੱਲ ਨੇ ਪੁੱਛਿਆ।

"ਬਸ ਐਡੀ ਵੱਡੀ ਲੀਡਰੀ, ਨਿਕਸਨ ਫਸ ਗਿਆ ਵਾਟਰ ਗੇਟ ਵਿਚ, ਮੇਰਾ ਤਾਂ ਖੜੇ ਦਾ ਮੂਤ ਨਿਕਲੀ ਜਾਵੇ। ਲੱਤਾਂ ਠੱਕੇ ਦੀ ਮਾਰੀ ਹੋਈ ਗਾਂ ਵਾਂਗ, ਕੰਬੀ ਜਾਣ ਕਿ ਕੰੜਾ ਮੇਰੇ ਤੇ ਵੀ ਚੜਿਆ, ਮੈਂ ਬਥੇਰੀਆਂ ਸਕੀਮਾਂ ਬਣਾਈਆਂ ਕਿ ਕਿਵੇਂ ਅਮਰੀਕਾ 'ਚੋਂ ਭੱਜਾਂ। ਨਿਕਸਨ ਤਾਂ ਮਰਿਆ ਹੀ ਹੈ ਨਾਲ ਮੈਨੂੰ ਵੀ ਮਾਰੂ। ਮੇਰੇ ਉਤੇ ਸਖਤ ਪਹਿਰਾ, ਖ਼ੈਰ ਮੈਂ ਰਾਤ ਦੇ ਦੋ ਵੱਜ ਕੇ 29 ਮਿੰਟ ਤੇ 19 ਸੈਕਿੰਡ ਤੇ ਜਦੋਂ ਨਿਕਸਨ 292 ਦੀਆਂ ਗੋਲੀਆਂ ਖਾ ਕੇ ਘੂਕ ਸੁੱਤਾ ਪਿਆ ਸੀ ਹੌਲੀ ਜਿਹੇ ਉਸ ਦੀ ਕੋਠੀ ਚੋਂ ਨਿਕਲ ਤੁਰਿਆ। ਬਸ ਫਿਰ ਕੀ ਸੀ। ਅੱਧੇ ਘੰਟੇ ਬਾਅਦ ਘੁੱਗੂ ਖੜਕ ਗਏ। ਮੈਂ ਜੁੱਤੀ ਲਾਹ ਦੇ ਹੱਥ ਚ ਫੜੀ ਤੇ ਸਿਧਾ ਵੈਨਕੋਵਰ ਦੇ ਰਾਹ ਤੇ ਪਹਿਲਾਂ 90 ਮੀਲ ਫੀ ਘੰਟਾ, ਪਿਛੋਂ ਪੁਛੋਂ ਹੀ ਨਾਂ ਉਸ ਵਕਤ ਕਾਰਾਂ ਤਾਂ ਕੀ ਜੇ ਨਿਕਸਨ ਦਾ ਹੰਟਰ ਜਹਾਜ਼ ਵੀ ਭੱਜਦਾ ਤਾਂ ਮੈਂ ਢਾਹ ਹੀ ਕਿਥੋਂ ਦੇਣੀ ਸੀ। ਜਦੋਂ ਮੈਂ ਬਿਲਗਹੈਂਮ ਦੇ ਬਾਡਰ ਕੋਲ ਆਇਆ, ਮੈਂ ਅੱਗੋਂ ਲਾਲ ਬੱਤੀਆਂ ਦੇਖੀਆਂ ਤੇ ਝੱਟ ਸਮੁੰਦਰ 'ਚ ਛਾਲ ਮਾਰ ਦਿਤੀ। ਕਿ ਫੜੇ ਜਾਣ ਨਾਲੋਂ ਤਾਂ ਮਰਨਾ ਚੰਗਾ ਹੈ।

'ਫਿਰ ਕੀ ਹੋਇਆ" ਛੱਜਾ ਸਿੰਘ ਨੇ ਕੁਰਸੀ ਅਗਾਂਹ ਘਸੀਟਦੇ ਨੇ ਕਿਹਾ।

"ਹੋਣਾ ਹਾਣਾ ਉਲ ਤੇ ਜਲੂਲ ਮੈਂ ਆਪਣੇ ਆਪ ਨੂੰ ਜਲ-ਪ੍ਰਵਾਹ ਕਰ ਦਿਤਾ। ਤੇ ਪਾਣੀ ਦੇ ਵਿਚੇ-ਵਿਚ ਆ ਵਿਕਟੋਰੀਆ ਫੈਰੀ ਕੋਲ ਸਿਰ ਕੱਢਣ ਲਗਾ ਸੀ। ਅਗਾਂਹ ਕਿਤੇ ਵਤਨੋਂ ਦੂਰ ਦ ਸੰਪਾਦਕ ਬੀਚ ਤੇ ਮੱਛੀਆਂ ਫੜ ਰਿਹਾ ਸੀ। ਇਸ ਦੀ ਕੁੰਡੀ ਸਮੁੰਦਰ 'ਚ ਸੁਟੀ ਹੋਈ ਸੀ। ਕੁੰਡੀ ਇਧਰ-ਉਧਰ ਫਿਰਦੀ-ਫੁਰਦੀ ਮੇਰੇ ਕੰਡੇ ਦੇ ਫਸ ਗਈ। ਬਸ ਸੰਪਾਦਕ ਸਾਹਿਬ ਬੜੇ ਖੁਸ਼ ਕਿ ਅਸਲੀ ਮਾਰ ਤਾਂ ਅਜ ਹੀ ਮਾਰੀ ਹੈ। ਜਦੋਂ ਪੂਰੇ 30 ਮਿੰਟ ਇਕ ਸੈਕਿੰਟ ਬਾਅਦ ਦਮੋਂ ਨਿਕਲੇ ਹੋਏ ਨੇ ਮੈਨੂੰ ਖਿੱਚ ਧੂਹ ਕੇ ਬਾਹਰ ਕੱਢਿਆ ਤੇ ਪੁੱਛਿਆ ਕਿ ਉਏ ਲੀਡਰ "ਤੂੰ" ਕਿਥੇ। "ਮੈਂ ਆਖਿਆ ਯਾਰ ਜਿਥੇ ਤੂੰ" "ਤੂੰ, ਸਮੁੰਦਰ ਦੇ ਬਾਹਰ ਤੇ ਮੈਂ ਅੰਦਰ"। ਮੈਂ ਸਾਰੀ ਰਾਮ ਕਹਾਣੀ ਸੰਪਾਦਕ ਨੂੰ ਦੱਸੀ, ਲੈ ਕੇ ਵੈਨਕੋਵਰ ਤੋਂ ਸਾਰੇ ਦੇਸ਼ਾਂ ਦੀ। ਸੰਪਾਦਕ ਵੀ ਮੇਰਾ ਪੰਜ ਸੋ ਸਾਲ ਪਹਿਲਾਂ ਦਾ ਲੰਗੋਟੀਆ ਯਾਰ ਸੀ। 1857 ਦੇ ਗਦਰ ਵੇਲੇ ਅਸੀਂ ਗੋਰਿਆਂ ਦੇ ਆਹੂ ਲਾਹੇ ਸਨ। ਅਸੀਂ ਕੁਝ ਘੰਟੇ ਬੈਠ ਕੇ ਗੱਲਾਂ ਕਰਦੇ ਰਹੇ। ਸਾਡਾ ਲੀਡਰੀ ਪਿਛੇ ਰੌਲਾ ਪੈ ਗਿਆ। ਪਹਿਲਾਂ ਤਾਂ ਸਾਡਾ ਸਮਝੌਤਾ ਹੋ ਜਾਵੇ ਆਖਰੀ ਗੱਲ ਤੇ ਸਾਡਾ ਰੌਲਾ ਪੈ ਜਾਵੇ। ਫਿਰ ਅਸੀਂ ਇਕ ਫੈਸਲਾ ਕੀਤਾ ਕਿ ਜਿਹੜਾ ਇਕ ਦੂਸਰੇ ਦੀ ਢੂਹੀ ਲਾ ਦੇਵੇਗਾ ਉਹ ਲੀਡਰ ਹੋਵੇਗਾ। ਤਿੰਨ ਘੰਟੇ ਘੁਲਦੇ ਰਹੇ, ਪਰ ਸਾਥੋਂ ਕਿਸੇ ਦੀ ਢੂਹੀ ਨਾ ਲਗੇ। ਜੇ ਇਕ ਦੂਜੇ ਦੀ ਢੂਹੀ ਲਗ ਵੀ ਜਾਵੇ ਤਾਂ ਅਸੀਂ ਮੰਨਦੇ ਨਹੀਂ ਸੀ। ਇਕੱਠ ਬਹੁਤ ਹੋ ਗਿਆ। ਆਖਰ ਕਾਰ ਹੰਭ-ਹਾਰ ਕੇ ਅਸੀਂ ਬੈਠ ਗਏ। ਤੇ ਲੀਡਰੀ ਦਾ ਖਹਿੜਾ ਛੱਡ ਦਿਤਾ। ਇਕ ਮੈਗਜ਼ੀਨ ਚਲਾਉਣ ਦਾ ਇਰਾਦਾ ਕੀਤਾ। ਸੰਪਾਦਕ ਸਾਹਿਬ ਉਸ ਦੇ ਕਰਤਾ-ਧਰਤਾ ਬਣੇ ਤੇ ਮੈਨੂੰ ਉਸ ਦਾ ਐਕਟਿੰਗ ਸਰਕੂਲੇਸ਼ਨ ਲੀਡਰ ਬਣਾ ਦਿਤਾ। ਮੈਂ ਆਪਣਾ ਕਮਰਕਸਾ ਬੰਨਿਆ ਤੇ ਫਿਰ ਲੀਡਰੀ ਦੇ ਮੈਦਾਨ 'ਚ ਕੁਦ ਪਿਆ।


IMPORTERS EXPORTERS WHOLESALERS RETAILERS

**ROKKO SAREES & FABRICS**

OWNED AND OPERATED BY B.S. KHURANA AND SONS AND GRANDSONS

635-BLOOR STREET WEST. TORONTO. ONTARIO. CANADA

Phone 533-1106

During 1975 model showing at

## CARTER PONTIAC BUICK LTD.

4550 Lougheed Hwy, Burnaby, B.C.

Dealers in Pontiacs, Buicks, Cadillacs,
GMC Trucks up to one ton capacity (light duty)



Mr. DAVID COOLIER, President, General Motors of Canada (right)
CONGRATULATING
Mr. SINGH GREWAL, Best Sales Representative

Off. 291-2266 Res. 594-5160

FOR ALL KINDS OF

## INSURANCE

LIFE, BUSINESS, DISABILITY, MORTGAGE, EDUCATION

OR FOR

REGISTERED RETIREMENT SAVINGS PLANS
(Designed for tax savings)



CONTACT

**BAL SETHI, M.A.**

Bus. 683-6905 Res. 594-6447

THE MUTUAL LIFE OF CANADA

977—7777 Hornby Street, Vancouver, B.C. V6Z 1S4

## ਬੰਬੇ ਕਰੀ ਰੈਸਟੋਰੈਂਟ



3934 ਮੇਨ ਸਟਰੀਟ (23 ਐਵਿਨੀਊ)
ਵੈਨਕਵਰ (ਬੀ. ਸੀ.)
ਫੋਨ: -874-5722

ਜਿਥੇ ਤੁਸੀਂ ਚਿਕਨ ਕਰੀ, ਲੈਂਬ ਕਰੀ, ਬੀਫ ਕਰੀ
ਬਕਰੇ ਦਾ ਸਪੈਸ਼ਲ ਮੀਟ, ਤੇ ਹੋਰ ਭਾਰਤੀ
ਮਠਿਆਈ, ਜਲੇਬੀਆਂ, ਗੋਲਗੱਪੇ ਤੇ
ਬਰਫੀ ਦਾ ਸੁਆਦ ਮਾਣ
ਸਕਦੇ ਹੋ।

ਅਸੀਂ ਵਿਆਹ ਸ਼ਾਦੀਆਂ ਸਮੇਂ ਪਾਰਟੀਆਂ
ਦਾ ਪਰਬੰਧ ਵੀ ਕਰਦੇ ਹਾਂ।

ਕੇਵਲ ਸਿੰਘ ਪਾਬਲਾ

ਜਿਨ੍ਹਾਂ ਦਾ ਕੁਕਿੰਗ ਦਾ
20 ਸਾਲ ਦਾ ਤਜਰਬਾ ਹੈ।

ਸਥਾਈ ਕਾਲਮ

## ਪੰਜ-ਆਬ

(ਪਾਕਿਸਤਾਨ ਰੰਗ)

ਜਿਉਂ ਜਿਉਂ ਲੰਮੀ ਰਾਤ ਗ਼ਮਾਂ ਦੀ ਭਾਰੀ ਹੁੰਦੀ ਜਾਏ ;
ਲਹੂ ਆਪਣੇ ਦੇ ਬਾਲਕੇ ਦੀਵੇ, ਰਾਹ ਰੁਸ਼ਨਾਂਦੇ ਚੱਲੀਏ!
ਮੰਜ਼ਲ ਤੀਕਰ ਲੈਕੇ ਚੱਲੀਏ, ਖ਼ੁਸ਼ਬੂਆਂ ਦੇ ਥੈਲੇ ;
ਦਿਲ ਦੇ ਜ਼ਖ਼ਮ ਉਜਾਗਰ ਕਰੀਏ, ਫੁੱਲ ਖਿੜਾਂਦੇ ਚੱਲੀਏ!
(ਡਾ: ਰਸ਼ੀਦ ਅਨਵਰ)

ਫ਼ਰਵਰੀ 1974 ਵਿੱਚ ਸ੍ਰੀ ਗੁਰਦੇਵ ਪੰਨੂ (ਸੰਪਾਦਕ 'ਸੇਧ' ਨਵੀਂ ਦਿੱਲੀ) ਨੇ 'ਵਤਨੋਂ ਦੂਰ' ਨੂੰ ਸ਼ੁਭ-ਇਛਾਵਾਂ ਦਿੰਦਿਆਂ ਲਿਖਿਆ ਸੀ : "... ਨਕਸ਼ਾ ਅੱਜ ਦੇ ਭਾਰਤ ਦਾ ਨਹੀਂ, ਪੁਰਾਣੇ ਹਿੰਦੁਸਤਾਨ ਦਾ ਪੂਰਾ ਸੀ... ਤੇਰਾ ਪਰਚਾ ਲਾਹੌਰ ਜਾ ਸਕਦਾ ਹੈ... ਇਹਨੂੰ ਪੂਰਬੀ ਤੇ ਪੱਛਮੀ ਪੰਜਾਬਾਂ ਵਿੱਚ ਸੱਭਿਆਚਾਰਕ ਪੁਲ ਬਣਨ ਦੇ... ਨਾਲੇ ਇਹ ਲੀਕ ਤਾਂ ਸਾਡੇ ਤੇ ਹਤਿਆਰਿਆਂ ਜ਼ੁਲਮ ਹੀ ਕੀਤਾ ਹੈ।" ਇਸ ਅੰਕ ਤੋਂ ਅਸੀਂ 'ਪੰਜ-ਆਬ' ਨਾਂ ਦੇ ਸਥਾਈ-ਕਾਲਮ ਵਿੱਚ ਪਾਕਿਸਤਾਨ ਦੇ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਪਾਠਕਾਂ ਨਾਲ ਸਾਂਝੀਆਂ ਕਰਿਆ ਕਰਾਂਗੇ।

ਪਹਿਲਾ 'ਵਤਨੋਂ ਦੂਰ' ਪੁੱਜਣ ਤੇ ਤਾਰਿਕ ਅਲੀ ਗੀਲਾਨੀ, 'ਵਤਨੋਂ ਦੂਰ' ਦੇ ਸਨੇਹੀ ਤੇ ਆਪਣੇ ਕਲਮੀ ਮਿੱਤਰ ਸ੍ਰੀ ਸੁਖਦੇਵ ਸੋਗਾ (ਵੈਨਕੋਵਰ) ਨੂੰ ਤਿੰਨ ਰਚਨਾਵਾਂ ਭੇਜਦੇ ਹੋਏ ਲਿਖਦੇ ਹਨ: "ਤੁਹਾਡੀ ਚਿੱਠੀ ਨਾਲੋਂ ਬਹੁਤੀ ਖ਼ੁਸ਼ੀ 'ਵਤਨੋਂ ਦੂਰ' ਵੇਖਕੇ ਹੋਈ। ਪਰਦੇਸ 'ਚ ਤਾਂ ਇਹ ਬਹੁਤ ਹੀ ਮਹਾਨ ਕੰਮ ਹੁੰਦੈ ਕਿ ਮਸ਼ੀਨੀ ਜੀਵਨ ਬਿਤਾਂਦਿਆਂ ਹੋਇਆਂ ਵੀ ਸਾਹਿਤ ਸੇਵਾ ਲਈ ਸਮਾਂ ਕੱਢ ਲੈਣਾ... ਰੱਬ ਕਰੇ ਇਹ ਰਸਾਲਾ ਕੌੜੀ ਵੇਲ ਵਾਂਗ ਵਧੇ ਫੁੱਲੇ...।" ਉਤਸ਼ਾਹਤ ਹੋਕੇ ਅਸੀਂ ਇਸ ਕਾਲਮ ਨੂੰ ਵਿਸ਼ਾਲ ਤੇ ਵਧੇਰੇ ਭਾਵਪੂਰਤ ਬਨਾਉਣ ਲਈ ਉਚੇਚੇ ਯਤਨ ਕਰ ਰਹੇ ਹਾਂ। (ਸ. ਪੰਜਲ)

ਤਾਰਿਕ ਅਲੀ ਗੀਲਾਨੀ
ਮੀਆਂ ਮੀਰ (ਪਾਕਿਸਤਾਨ)

### ਯਾਦਾਂ

ਜਿਨ੍ਹਾਂ ਨੂੰ ਅੱਜ ਸਮਝਿਆ ਰੋੜੇ ਤੁਸੀਂ
ਕਦੀ ਤੇ ਉਹ ਫੁੱਲ ਰਹੇ ਨੇ।
ਜਿਉਂ ਜਿਉਂ ਮੈਂ ਯਾਦ ਕਰਨਾਂ
ਤਿਉਂ ਤਿਉਂ ਉਹ ਭੁੱਲ ਰਹੇ ਨੇ।

ਬੀਤੀਆਂ ਯਾਦਾਂ ਦੇ ਗੂਹੜੇ ਨਿਸ਼ਾਨ
ਆਪੇ ਈ ਘੁੱਲ ਰਹੇ ਨੇ।
ਇਸ਼ਕ ਸੀ ਘੱਟ ਅਸਾਹਿ ਮੇਰੇ ਲਈ
ਵਿਛੋੜਿਆਂ ਦੇ ਜ਼ਹਿਰ ਘੁੱਲ ਰਹੇ ਨੇ।

ਰੋਗਾਂ ਦੇ ਮਹਿਲ ਦੀ ਉਸਾਰੀਏ ਕਿਵੇਂ
ਕਹਿਰਾਂ ਦੇ ਝੱਖੜ ਝੁੱਲ ਰਹੇ ਨੇ।
ਜਿਹੜੇ ਮਾਣਦੇ ਸੀ ਬਹਾਰਾਂ
ਅੱਜ ਬੇਲਿਆਂ 'ਚ ਰੁਲ ਰਹੇ ਨੇ।

ਮੁੱਦਤਾਂ ਤੋਂ ਬੰਦ ਗ਼ਮਾਂ ਦੇ ਬੂਹੇ
ਅੱਜ ਫੇਰ ਖੁੱਲ ਰਹੇ ਨੇ।
'ਤਾਰਿਕ' ਜ਼ਮਾਨਾ ਗਿਆ ਕਿੰਨਾ ਬਦਲ
ਢੇਲੇ ਮੋਤੀਆਂ ਨਾਲ ਤੁੱਲ ਰਹੇ ਨੇ।

### ਅੱਜ ਦਾ ਸੱਚ

ਕਿੱਡੇ ਬਦਨਸੀਬ ਨੇ ਉਹ ਬੰਦੇ
ਜਿਹੜੇ ਸਾਹਮਣੇ ਯਾਰ ਨੂੰ ਤੱਕਣ!
ਮੰਜ਼ਲ ਦੇ ਨੇੜੇ ਹੋਕੇ ਵੀ
ਮੰਜ਼ਲ ਤੇ ਪੁੱਜ ਨਾ ਸੱਕਣ!

ਦਿਨ ਹੁੰਦਾ ਤਾਂ ਤੋਰੇ ਸੜਕਾਂ
ਥਾਂ ਥਾਂ ਧੂੜਾਂ ਫੱਕਣ!
ਰਾਤੀਂ ਸੇਜਾਂ ਸੌਣੇ ਰੰਗੀਆਂ
ਤਾਰੇ ਗਿਣ ਗਿਣ ਥੱਕਣ!

ਉਹ ਵੀ ਕੋਈ ਅੱਖੀਆਂ ਨੇ
ਜੋ ਕਿਸੇ ਲਈ ਰੋ ਨਾ ਸੱਕਣ!
ਇਸ਼ਕ ਦੇ ਨੂਰ ਸਨਾਲੇ ਦੀਆਂ
ਲਹੂ ਨਾਲ ਲੱਜਾਂ ਰੱਖਣ!

ਸੂਲੀ ਝੂਲਣ ਖੱਲ ਲੁਹਾਕੇ
ਪੈਰ ਪਿਛਾਂਹ ਨਾ ਪੱਟਣ!
ਲੋੜ ਹੈ ਅੱਜ ਫੇਰ ਉਹਨਾਂ ਦੀ
ਜਿਹੜੇ ਵੈਲੇ ਦੀਆਂ ਜ਼ੰਜੀਰਾਂ ਕੱਟਣ!

IMPORTERS EXPORTERS WHOLESALERS RETAILERS
ROKKO SAREES & FABRICS
27- SUSSEX RD., SOUTH CROYDON. LONDON. ENGLAND
Phone 688-4590
OWNED AND OPERATED BY B.S. KHURANA AND SONS AND GRANDSONS

# ਮਾਂ

(ਅਫ਼ਜ਼ਲ ਅਹਿਸਨ ਰੰਧਾਵਾ)

ਜਨਮ-ਭੂਮੀ ਦੇ ਮੋਹ ਨਾਲ ਭਿੱਜੀ ਇਹ ਅਧੂਰੀ ਨਜ਼ਮ, ਪਾਕਿਸਤਾਨ ਦੇ ਮਸ਼ਹੂਰ ਪੰਜਾਬੀ ਲੇਖਕ ਸ੍ਰੀ ਅਫ਼ਜ਼ਲ ਅਹਿਸਨ ਰੰਧਾਵਾ ਨੇ ਪੰਜਾਬੀ ਦੇ ਪ੍ਰਸਿੱਧ ਆਲੋਚਕ ਡਾ: ਅਤਰ ਸਿੰਘ "ਪੰਜਾਬੀ ਐਫਰੋ-ਏਸ਼ੀਅਨ ਲੇਖਕ ਕਾਨਫਰੰਸ, ਮਾਸਕੋ" ਵਿੱਚ ਦਿੱਤੀ। 21 ਜੁਲਾਈ 1974 ਨੂੰ ਰੋਜ਼ਾਨਾ 'ਅਜੀਤ' ਜਲੰਧਰ 'ਚ ਛਪੀ ਇਹ ਰਚਨਾ ਅਸੀਂ ਦੋਹਾਂ ਲੇਖਕਾਂ ਅਤੇ ਸੰਪਾਦਕ 'ਅਜੀਤ' ਦੇ ਧੰਨਵਾਦ ਸਹਿਤ ਛਾਪ ਰਹੇ ਹਾਂ- (ਸੰਪਾਦਕ)

ਅਤਰ ਸਿਆਂਹ
ਜਦ ਉਥੇ ਜਾਵੇਂ
ਮੱਥਾ ਟੇਕੀਂ
ਸੋਹਣੀ ਮਾਂ ਨੂੰ ਜਿਨ੍ਹੇ
ਮੈਨੂੰ ਜਨਮ ਦਿੱਤਾ, ਤੇ
ਦੁੱਧ ਪਿਆਇਆ
ਜ਼ਿੰਦਾ ਰਹਿਣ ਦਾ ਵੱਲ ਸਿਖਾਇਆ —

ਮਾਏ ਨੀ!
ਮਾਵਾਂ ਦੇ ਪੁੱਤਰ
ਵਿੱਛੜ ਜਾਣ ਤੇ ਮਾਵਾਂ
ਖਾ ਨਹੀਂ ਸਕਦੀਆਂ
ਹੱਸ ਨਹੀਂ ਸਕਦੀਆਂ
ਸੌਂ ਨਹੀਂ ਸਕਦੀਆਂ
ਜਿੱਡੀਆਂ ਮਰਜ਼ੀ
ਸੋਹਣੀਆਂ ਗੱਲਾਂ ਹੋਵਣ
ਸੁਣ ਨਹੀਂ ਸਕਦੀਆਂ —
ਮਾਵਾਂ ਦੇ ਬੱਚੜੇ ਵਿਛੜਨ 'ਤੇ
ਔਸੀਆਂ ਪਾਉਂਦੀਆਂ
ਤੜਫਦੀਆਂ ਕੁਰਲਾਉਂਦੀਆਂ —
ਰਾਹਵਾਂ ਦੇ ਕੰਢੇ ਬਹਿਕੇ
ਖਾਲੀ ਰਾਹਵਾਂ ਵਿੰਹਦੀਆਂ ਰਹਿੰਦੀਆਂ
ਵਿੰਹਦੀਆਂ ਰਹਿੰਦੀਆਂ
ਖਾਲੀ ਰਾਹਵਾਂ —

ਮਾਏ ਨੀ!
ਕਿਉਂ ਰਾਹ ਨਾ ਦੇਖੇਂ?
ਕਿਉਂ ਨਾ ਤੜਫੇਂ?
ਵਾਜ ਨਾ ਮਾਰੇਂ
ਮਾਏ ਨੀ!
ਕੀਹ ਕਹੀਆਂ
ਮਾਏ ਨੀ!
ਕਿਉਂ ਕੁੱਖ ਦੇ ਜੰਮੇਂ
ਮਨੋਂ ਵਿਸਾਰੇ —
ਨਜ਼ਰਾਂ ਤੋਂ ਉਹਲੇ ਕੀਤੇ ਨੀ
ਕਾਹਨੂੰ ਅੱਖ ਦੇ ਤਾਰੇ
ਮਾਏ ਨੀ!
ਕੀਹ ਹੋਇਆ —

ਮਾਏ ਨੀ!
ਤੇਰੇ ਘਰ ਵਿੱਚ ਰਹਿ ਗਏ
ਗਾਨੀ ਮੇਰੇ
ਮੇਰੀਆਂ ਖੇਡਾਂ
ਮੇਰੇ ਸਭ ਖਿਡਾਉਣੇ
ਉਥੇ ਰਹਿ ਗਏ
ਮੇਰੇ ਸਾਰੇ
ਨਿੱਕੇ ਨਿੱਕੇ ਸੋਹਣੇ ਲੀੜੇ
ਉੱਥੇ ਰਹਿ ਗਏ
ਮੇਰੇ ਸੁਫ਼ਨੇ —

ਮਾਏ ਨੀ!
ਰਹਿ ਗਈਆਂ ਓਥੇ
ਮੇਰੀਆਂ ਸਾਰੀਆਂ ਸ਼ੈਵਾਂ
ਮੇਰੀ ਰੂਹ,
ਅੱਖਾਂ ਦਾ ਚਾਨਣ,
ਦਿਲ ਦੀ ਗਰਮੀ-
ਹੋਰ ਮੈਂ ਕੁੱਝ ਲਿਆਇਆ-
ਮਾਏ ਨੀ!
ਇਹ ਹੱਡ ਕਿਸ ਕਾਰੇ?

ਮਾਏ ਨੀ!
ਪਿਛਲੇ ਵਕਤਾਂ ਵਿੱਚ
ਸੁਣਿਆ ਏ, ਮੁੜਕੇ ਵੇਖਣ ਵਾਲੇ
ਪੱਥਰ ਹੋ ਜਾਂਦੇ ਸਨ-
ਮਾਏ ਨੀ!
ਮੈਂ ਮੁੜ ਮੁੜ ਵੇਖਾਂ
ਕਿਹੜਾ ਪਲ ਉਹ ਪਲ ਹੋਵੇਗਾ
ਜਦ ਮੈਂ ਪੱਥਰ ਹੋਵਾਂ
ਤੇਰੀ ਯਾਦ ਨਾ ਆਵੇ
ਜਾਨ ਸੁਖੱਲੀ ਹੋਵੇ —

ਮਾਏ ਨੀ!
ਗੱਲ ਇਕ ਦੋ ਪਲ ਦੀ
ਉਮਰ
ਮੌਤ ਦੀ ਸੋਹਣਿਆਂ ਲੀੜਿਆਂ ਵਾਲੀ
ਦੇਵੀ ਆਉਣ
ਕਾਪੀ ਮੇਰੇ ਅੱਗੇ ਰੱਖਣੀ
ਕਹਿਣਾ —
ਸ਼ਾਇਰਾ! ਲਿਖ ਲੈ
ਆਪਣੀ ਛੇਕੜ ਵਾਲੀ ਗੱਲ
ਤੇ ਚੱਲੀਏ —

ਆਪਣੀ ਸਭ ਤੋਂ ਵੱਡੀ
ਸਭ ਤੋਂ ਸੁਹਣੀ ਛੇਕੜ ਵਾਲੀ
ਗੱਲ ਕਰਾਂਗਾ
ਨਜ਼ਮ ਲਿਖਾਂਗਾ
ਇਕ ਅੱਖਰ ਦੀ ਨਜ਼ਮ
ਇੱਕ ਅੱਖਰ ਵਿੱਚ ਗੱਲ ਕਰਾਂਗਾ
"ਮਾਂ" — ਆਖਾਂਗਾ
"ਮਾਂ" ਲਿਖਾਂਗਾ
ਤੇ ਫਿਰ ਹੱਸਕੇ ਤੁਰ ਜਾਵਾਂਗਾ
ਮੁੜ ਜਾਵਾਂਗਾ —

---

ਅਫ਼ਜ਼ਲ ਅਹਿਸਨ ਰੰਧਾਵਾ ਦੀਆਂ
ਤਿੰਨ ਪੰਜਾਬੀ ਪੁਸਤਕਾਂ :—

ਦੀਵਾ ਤੇ ਦਰਿਆ (ਨਾਵਲ)
ਰੰਨ ਤਲਵਾਰ ਤੇ ਘੋੜਾ (ਕਹਾਣੀ-ਸੰਗ੍ਰਹਿ)
ਸ਼ੀਸ਼ਾ ਇਕ ਲਿਸ਼ਕਾਰੇ ਦੋ (ਕਾਵਿ-ਸੰਗ੍ਰਹਿ)

IMPORTERS EXPORTERS WHOLESALERS RETAILERS
**ROKKO SAREES & FABRICS**
6201 FRASER ST., (At 46th Ave.) VANCOUVER-15, B.C., CANADA. PHONE: 327-3033
OWNED AND OPERATED BY B.S. KHURANA AND SONS AND GRANDSONS

## *Everyday Travel Services Ltd.*

YOUR TRAVEL AGENT



*M. "Hardial" S. Parhar*

OFFICE PHONE:
879-4677 - 8 - 9

CABLE ADDRESS:
EVRYDATRAV

RESIDENCE PHONE:
437-4023

OFFICE:
2301 MAIN ST.
AT 6th AVENUE

VANCOUVER 10,
B.C., CANADA

MAILING ADDRESS:
P.O. BOX 24658

*Specialists in*

TRAVEL AND TOURS in
INDIA, PAKISTAN and
FAR EAST

•

Make Your Immigration Problems
Our Business

ਅੱਜ ਹੀ ਫ਼ੋਨ ਕਰੋ

PROCESSING OF PASSPORTS, VISAS AND
IMMIGRANT APPLICATIONS FREE OF CHARGE

ਸਸਤੀਆਂ
ਟਿਕਟਾਂ
ਖਰੀਦੋ!

TICKETS ISSUED FOR
**AIRLINES, • STEAMSHIPS, TRAINS AND BUSES**

RESERVATIONS MADE FOR
**HOTELS, RESORTS, U-DRIVES AND FREIGHTERS**

ARRANGEMENTS MADE FOR
**INDEPENDENT ESCORTED TOURS AND CRUISES**

OUR SPECIALTY IS
**ARRANGING LOW RATE GROUPS AND CHARTERS**

WE ALSO ARRANGE
**— TRAVEL NOW AND PAY LATER PLANS —**

## Top Priority

Anything more important than your family's future?
Put first things first with common sense life insurance.
Call me today.

We sell life insurance. — But our business is life.

ਅਜੀਤ ਸਿੱਧੂ

ਜਿੰਨ੍ਹਾਂ ਨੇ ਬਹੁਤ ਥੋੜ੍ਹੇ ਸਮੇਂ ਵਿੱਚ
ਢਾਈ ਮਿਲੀਅਨ ਤੋਂ ਵੀ ਉਪਰ
ਦਾ ਬਿਜ਼ਨਸ ਕੀਤਾ ਹੈ!



**METROPOLITAN LIFE**

550—6th Street, Ste. 270, New Westminster, B.C. V3L 3B8

**Ajit S. Sidhu**

Sales representative
Office: 524-3601
Residence: 584-4516

ਸਥਾਈ ਕਾਲਮ
**ਸਾਜ਼ ਅਤੇ ਆਵਾਜ਼**
(ਸੱਭਿਆਚਾਰਕ-ਸਰਗਰਮੀਆਂ)

ਮਿਹਨਤ ਤੇ ਮੌਲਿਕਤਾ ਦੀ ਘਾਟ ਕਾਰਣ, ਭਾਰਤੀ ਫਿਲਮ-ਜਗਤ ਵਿੱਚ 'ਨਕਲ' ਤੇ 'ਅਰਥਹੀਣਤਾ' ਦਾ ਇਕ ਗੰਭੀਰ-ਸੰਕਟ ਪੈਦਾ ਹੋਇਆ ਹੈ। ਢੋਲ ਦਾ ਪੋਲ ਖੋਲ੍ਹਦਾ ਇਹ ਲੇਖ 16 ਮਈ 74 ਦੇ ਰੋਜ਼ਾਨਾ 'ਅਜੀਤ' 'ਚੋਂ, 'ਅਜੀਤ' ਦੇ ਸਮੁੱਚੇ ਸੰਪਾਦਕੀ ਮੰਡਲ ਦੇ ਧੰਨਵਾਦ ਸਹਿਤ ਪੇਸ਼ ਕੀਤਾ ਜਾ ਰਿਹਾ ਹੈ। (ਸੰਪਾਦਕ)

# ਨਿਰਮਾਤਾਵਾਂ ਦਾ ਮਖੌਟਾ ਯਾਨੀ ਨਕਾਲਾਂ ਦਾ ਫਿਲਮ ਸਨਅਤ ਤੇ ਕਬਜ਼ਾ

ਉਹ ਅੰਗਰੇਜ਼ੀ ਫਿਲਮਾਂ ਦੇਖਦਾ ਹੈ ਤੇ ਅੰਗਰੇਜ਼ੀ ਫਿਲਮਾਂ ਦੀ ਕਹਾਣੀ ਚੋਰੀ ਕਰਦਾ ਹੈ। ਫਿਲਮ ਸਨਅਤ ਵਿਚ ਲੇਖਕ ਦੇ ਤੌਰ ਤੇ ਉਸਦਾ ਵਡਾ ਨਾਂ ਹੈ। ਬੀ. ਆਰ. ਚੋਪੜਾ ਤਕ ਉਸਦੀਆਂ ਕਹਾਣੀਆਂ ਲੈਂਦੇ ਹਨ। ਉਸਦੀ ਇਕ ਇਕ ਕਹਾਣੀ ਤੇ ਦੋ ਦੋ ਵਾਰ ਫਿਲਮਾਂ ਬਣਾਉਂਦੇ ਹਨ। ਉਸਦੀ ਕਹਾਣੀ ਤੇ ਕਰੋੜਾਂ ਦੀ ਲਾਗਤ ਨਾਲ ਫਿਲਮ ਬਣਾਉਂਦੇ ਹਨ।

ਅਗਰ ਉਹ ਨਹਾਉਣ ਜਾ ਰਿਹਾ ਹੋਵੇ ਤੇ ਕੋਈ ਨਿਰਮਾਤਾ ਉਸ ਕੋਲ ਕਹਾਣੀ ਲੈਣ ਚਲਾ ਜਾਵੇ। ਉਹ ਨਿਰਮਾਤਾ ਨੂੰ ਚਾਹ ਪੀਣ ਲਈ ਬਿਠਾ ਕੇ ਨਹਾਉਣ ਚਲਾ ਜਾਂਦਾ ਹੈ ਤੇ ਨਹਾ ਕੇ ਆਉਂਦਾ ਨਿਰਮਾਤਾ ਨੂੰ ਕਹਾਣੀ ਸੁਣਾ ਦਿੰਦਾ ਹੈ ਤੇ ਨਿਰਮਾਤਾ ਆਪਣੇ ਆਪਨੂੰ ਧੰਨਭਾਗ ਸਮਝਦਾ 'ਕਹਾਣੀ ਦਾ ਸਰਮਾਇਆ' ਲੈ ਕੇ ਆਉਂਦਾ ਹੈ। ਉਸਦੇ ਧਰਤੀ ਤੇ ਪੈਰ ਨਹੀਂ ਲਗਦੇ।

ਲੋਕੀ ਕਾਗਜ਼ਾਂ ਤੇ ਕਹਾਣੀਆਂ ਲਿਖਦੇ ਹਨ ਅਤੇ ਉਹ ਬਾਥਰੂਮ ਵਿਚ 'ਜ਼ਬਾਨੀ' ਕਹਾਣੀਆਂ ਲਿਖਦਾ ਹੈ।

ਉਹ ਖੁਦ ਵੀ ਫਿਲਮਾਂ ਬਣਾਉਂਦਾ ਹੈ ਤੇ ਰਲੰਤ ਵਿਸ਼ੇ ਲੈ ਕੇ ਉਹਨਾਂ ਦੀ ਰਜ ਕੇ ਦੁਰਵਰਤੋਂ ਕਰਦਾ ਹੈ। ਉਹ ਬਦਨਾਮ ਹੈ। ਉਸਦੀਆਂ ਆਪਣੀਆਂ ਫਿਲਮਾਂ ਬੈਨ ਵੀ ਹੁੰਦੀਆਂ ਹਨ।

ਉਹਨਾਂ ਦਾ ਨਾਂ ਦਸਣ ਦੀ ਲੋੜ ਨਹੀਂ ਹਰ ਕੋਈ ਉਸਨੂੰ ਜਾਣਦਾ ਹੈ। ਫਿਰ ਵੀ ਜੇ ਕਿਸੇ ਨੂੰ ਭੁਲੇਖਾ ਹੈ ਤਾਂ ਉਸ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਉਸਦਾ ਨਾਂ ਦਸ ਹੀ ਦੇਣਾ ਠੀਕ ਹੈ।

ਇਹ ਸਾਹਿਬ ਹਨ ਆਈ. ਐਸ. ਜੌਹਰ ਅੰਗਰੇਜ਼ੀ ਫਿਲਮਾਂ ਦੇਖਣੀਆਂ ਤੇ ਉਹਨਾਂ ਦੀ ਕਹਾਣੀ ਨੂੰ ਆਪਣੀ ਕਹਾਣੀ ਆਖਕੇ ਵੇਚਣਾ ਉਸਦਾ ਧੰਦਾ ਹੈ।

ਅਜ ਸਾਡੀ ਫਿਲਮ ਸਨਅਤ ਵਿਚ ਅੰਗਰੇਜ਼ੀ ਫਿਲਮਾਂ ਦੀ ਚੋਰੀ ਕਰਕੇ ਫਿਲਮ ਬਨਾਉਣਾ ਇਕ ਫੈਸ਼ਨ ਹੈ। ਸਫਲਤਾ ਦਾ ਰਾਜ਼ ਸਮਝਿਆ ਜਾਂਦਾ ਹੈ।

ਨਿਰਮਾਤਾ ਐਫ. ਸੀ. ਮਾਹਿਰਾ ਨੇ ਫਿਲਮ ਬਣਾਈ ਖ਼ੂਨ ਖ਼ੂਨ। ਸਫਲਤਾ ਦਾ ਫਾਰਮੂਲਾ ਪਿਟ ਗਿਆ। ਪਰ ਅੰਗਰੇਜ਼ੀ ਫਿਲਮ 'ਡਰਟੀ ਹੈਰੀ' ਦੇ ਨਿਰਮਾਤਾਵਾਂ ਨੇ ਨੋਟਿਸ ਦੇ ਦਿਤਾ। ਐਫ. ਸੀ. ਮਹਿਰਾ ਨੂੰ ਕਾਫੀ ਰਕਮ ਦੇ ਕੇ ਜਾਨ ਛੁਡਾਉਣੀ ਪਈ। ਪਰ ਉਹ 'ਡਰਟੀ ਹੈਰੀ' ਤੋਂ ਬਾਦ ਉਹ ਉਸੇ ਸੰਸਥਾ ਦੀ ਹੀ ਦੂਸਰੀ ਫਿਲਮ 'ਇਰਮ ਲਾ ਡਾਉਸ' ਦੀ ਨਕਲ ਕਰਕੇ 'ਮਨੋਰੰਜਨ' ਵੀ ਬਣਾ ਰਹੇ ਸਨ, ਪਹਿਲੇ ਤਜਰਬੇ ਤੋਂ ਡਰਦਿਆਂ ਉਹਨੀਂ ਨਾਲ ਲਗਦੇ ਉਸਦੇ ਕਾਪੀਰਾਈਟ ਵੀ ਖਰੀਦ ਲਏ ਤੇ ਸਵੀਕਾਰ ਕਰ ਲਿਆ ਉਹ ਇੰਗਲਿਸ਼ ਫਿਲਮਾਂ ਦੀ ਸਰਾਸਰ ਕਾਪੀ ਕਰ ਰਹੇ ਹਨ। ਜਿਹਨਾਂ 'ਇਰਮ ਲਾ ਡਾਉਸ' ਤੇ 'ਮਨੋਰੰਜਨ' ਵੇਖੀਆਂ ਹਨ, ਉਹਨਾਂ ਦਾ ਕਹਿਣਾ ਹੈ ਕਿ 'ਮਨੋਰੰਜਨ' ਦੇ ਸੀਨ ਦਰ ਸੀਨ ਉਸ ਅੰਗਰੇਜ਼ੀ ਫਿਲਮ ਦੀ ਨਕਲ ਹਨ।

ਐਲ. ਵੀ. ਪ੍ਰਸਾਦ ਆਪਣੇ ਢੰਗ ਦੀਆਂ ਫਿਲਮਾਂ ਬਣਾਇਆ ਕਰਦੇ ਸਨ। ਪਰ ਵਹਿੰਦੀ ਗੰਗਾ ਵਿਚ ਹਥ ਧੋਣ ਦਾ ਲਾਲਚ ਉਹ ਵੀ ਨਾ ਰੋਕ ਸਕੇ। ਅੰਗਰੇਜ਼ੀ ਫਿਲਮ 'ਪ੍ਰਿੰਸ ਐਂਡ ਪੇਪਰ' ਦੀ ਨਕਲ ਕਰ ਮਾਰੀ 'ਰਾਜਾ ਔਰ ਰੰਕ' ਦੇ ਨਾਂ ਹੇਠ।

ਗੁਲਜ਼ਾਰ ਬਾਰੇ ਕਿਹਾ ਜਾਂਦਾ ਹੈ ਕਿ ਉਹਨਾਂ ਨੂੰ ਪੁਰਾਣੀਆਂ ਚੀਜ਼ਾਂ ਬਹੁਤ ਪਸੰਦ ਹਨ, ਭਾਵ ਸੈਕੰਡ ਹੈਂਡ ਤੇ ਉਹਨਾਂ ਦਾ ਇਹ ਸ਼ੌਕ ਪਤਨੀ ਤੋਂ ਲੈ ਕੇ ਫਿਲਮੀ ਕਹਾਣੀਆ ਤਕ ਇਕੋ ਜਿਹਾ ਹੈ। ਜੇ ਉਹਨਾਂ ਦੁਹਾਜੂ ਮਖੀ ਨਾਲ ਸ਼ਾਦੀ ਕੀਤੀ ਹੈ ਤਾਂ ਫਿਲਮਾਂ ਲਈ ਕਹਾਣੀਆਂ ਵੀ ਉਹ ਹੀ ਚੁਣਦੇ ਹਨ, ਜਿਹਨਾਂ ਨੂੰ ਪਹਿਲਾਂ ਦੂਸਰੇ ਵਰਤ ਚੁਕੇ ਹੋਣ। ਜ਼ਰਾ ਉਹਨਾ ਦੀਆਂ ਫਿਲਮਾਂ ਦਾ ਲੇਖਾ ਜੋਖਾ ਕਰੀਏ ਉਹਨਾਂ ਦੀ ਪਹਿਲੀ ਫਿਲਮ 'ਮੇਰੇ ਆਪਣੇ' ਤਾਂ ਬੰਗਲਾ ਫਿਲਮ 'ਅਪਨ ਜਾਨ' ਦਾ ਹਿੰਦੀ ਅਡੀਸ਼ਨ ਸੀ, ਪਰ ਉਸਤੋਂ ਬਾਦ ਅੰਗਰੇਜ਼ੀ ਫਿਲਮਾਂ ਤੇ ਹੀ ਉਹਨਾਂ ਦੀ ਅੱਖ ਰਹੀ ਹੈ। 'ਹੈਪੀਨੈਸ ਆਫ ਅਸ ਅਲੋਨ' ਦੀ ਨਕਲ 'ਕੋਸ਼ਿਸ਼'; ਸਾਉਂਡ ਆਫ ਮਿਉਜ਼ਿਕ, ਦੀ ਨਕਲ 'ਪਰਿਚਯ'. ਰਿਸ਼ੀਕੇਸ਼ ਨਾਲ ਮਿਲਕੇ 'ਅਦੀਰੂ' ਦੀ ਨਕਲ ਉਤਾਰੀ ਸੀ 'ਆਨੰਦ' ਦੇ ਨਾਂ ਹੇਠ ਤੇ ਹੁਣੇ ਹੁਣੇ 'ਬੈਕਟ' ਦਾ ਆਈਡੀਆ ਚੁਰਾ ਕੇ 'ਨਮਕ ਹਰਾਮ' ਬਣਾਈ ਹੈ।

ਤੇ ਇਹ ਵਗਦੀ ਗੰਗਾ ਵਿਚ ਹਥ ਧੋਣ ਦੀ ਆਦਤ ਸਾਡਾ ਫਿਲਮ ਨਿਰਮਾਤਾਵਾਂ ਨੂੰ ਕਿਤਨੀ ਕੁ ਪੈ ਗਈ ਹੈ—ਜ਼ਰਾ ਨਜ਼ਰ ਮਾਰੋ।

'ਦੇ ਮੈਨ ਐਂਡ ਦ ਵੂਮੈਨ' ਤੇ ਹਿੰਦੀ ਫਿਲਮ 'ਅੰਦਾਜ਼', 'ਡੈਥ ਰਾਈਡਜ਼ ਏ ਹਾਰਸ' ਤੇ 'ਜੰਜੀਰ' 'ਮੈਕਨਾਜ਼ ਗੋਲਡ' ਤੇ 'ਛੁਪਾ ਰੁਸਤਮ' 'ਲਾਸਟਾਂਡਿਲ' ਏ, ਜੇ. ਕਰੋਨਿਨ ਦਾ ਨਾਵਲ' ਤੇ 'ਤੇਰੇ ਮੇਰੇ ਸਪਨੇ' ਆਰਥਰ ਕਾਨਮ ਡਾਇਲ ਦੇ 'ਹਾਉਂਡ ਆਫ ਬਾਸਕਰ ਵਾਈਲਡ' ਤੇ 'ਬੀਸ ਸਾਲ ਬਾਦ' 'ਟੇਨ ਲੀਥਰਜ਼' ਤੇ 'ਗੁਮਨਾਮ', ਅਗਾਥਾ ਕ੍ਰਿਸਟੀ ਦੇ 'ਰਿਬੇਕਾ' ਤੇ 'ਕੋਹਰਾ', 'ਪਿਟੀਲੈਸ ਥੀ ਹੈ ਯਾਦੋਂ ਕੀ ਬਾਰਾਤ' ਅਤੇ ਸਵਰਗੀ ਜੇਮਜ਼ ਹੈਡਲੀ ਚੇਜ਼ ਦੇ ਨਾਵਲ 'ਵਾਰੀ ਫਰਾਂਸ ਮੇਸਰਜ਼' ਤੇ 'ਇਕ ਨਾਰੀ ਦੋ ਰੂਪ'

ਇਹ ਉਹ ਫਿਲਮਾਂ ਹਨ, ਜਿਹੜੀ ਹੁਣ ਤਕ ਪਬਲਿਕ ਦੇ ਸਾਹਮਣੇ ਆ ਚੁਕੀਆਂ ਹਨ। ਪਰ ਅਜਿਹੀਆਂ ਬੇਸ਼ੁਮਾਰ ਫਿਲਮਾਂ ਹਨ ਜੋ ਬਣ ਰਹੀਆਂ ਹਨ। ਇਕ ਅੰਗਰੇਜ਼ੀ ਫਿਲਮ ਆਈ ਸੀ 'ਵੇਟ ਅੰਟਿਲ ਡਾਰਕ' ਇਹ ਫਿਲਮ ਆਪਣੀ ਅਨੂਠੀ ਕਹਾਣੀ ਦੇ ਕਾਰਣ ਸਫਲ ਰਹੀ ਹੁਣ ਇਸ ਤੇ ਤਿੰਨ ਹਿੰਦੀ ਫਿਲਮਾਂ ਬਣ ਰਹੀਆਂ ਹਨ। ਪਹਿਲੀ 'ਆਹਟ' ਜਿਸਦਾ ਨਾਂ ਹੁਣ ਸ਼ਾਇਦ 'ਨਾਗਣ ਬਣ ਗਈ ਰਾਤ' ਹੋ ਗਿਆ ਹੈ, ਦੂਸਰੀ 'ਪਿਆਰਾ ਦੁਸ਼ਮਨ' ਅਤੇ ਤੀਸਰੀ ਦਾ ਅਜੇ ਨਾਂ ਨਹੀਂ ਰਖਿਆ ਗਿਆ।

ਇਕ ਨਵੇਂ ਨਿਰਮਾਤਾ ਨੇ ਲਗਭਗ ਦੋ ਸੌ ਕਹਾਣੀਆਂ ਸੁਣਾਈਆਂ ਪਰ ਉਸਨੂੰ ਕੋਈ ਕਹਾਣੀ ਪਸੰਦ ਨਾ ਆਈ ਤੇ ਇਕ ਅੰਗਰੇਜ਼ੀ ਫਿਲਮ 'ਬਰੀਫ ਸੀਜ਼ਨ' ਦਾ ਸਤਿਆਨਾਸ ਕਰਕੇ 'ਏਕ ਮੌਸਮ ਛੋਟਾ ਸਾ' ਬਣਾ ਲਈ ਜਿਸਦਾ ਹੁਣ ਨਾਂ 'ਆਸ਼ੀਆਨਾ' ਕਰ ਦਿਤਾ ਗਿਆ ਹੈ।

IMPORTERS EXPORTERS WHOLESALERS RETAILERS
**ROKKO SAREES & FABRICS**
7-5.4-CHOME. ISOBE DORI. FUKIAI
KU. KOBE. JAPAN
Phone: 251-6440
OWNED AND OPERATED BY B. S. KHURANA AND SONS AND GRANDSONS

ਪ੍ਰਮੋਦ ਚਕਰ ਵਰਤੀ ਨੇ 'ਫਾਰ ਏ ਫਿਊ ਡਾਲਰਜ਼ ਮੋਰ', 'ਗਰੈਂਡ ਸਲੱਮ' ਅਤੇ 'ਰਾਬਿਨਹੁਡ' ਵਰਗੀਆ ਅੰਗਰੇਜ਼ੀ ਫਿਲਮਾਂ ਦੇ ਟੁਕੜੇ ਇਕੱਠੇ ਕਰਕੇ ਹਿੰਦੀ ਵਿਚ 'ਜੁਗਨੂੰ' ਬਣਾਈ ਤੇ ਹੁਣ ਫਿਰੋਜ਼ ਖਾਨ 'ਗਾਡ ਫਾਦਰ' ਤੋਂ 'ਧਰਮਾਤਮਾ' ਬਣਾ ਰਿਹਾ ਹੈ। ਇਕ ਹੋਰ ਨਿਰਮਾਣ ਸੰਸਥਾ ਜੇਮਜ਼ ਹੈਡਲੀ ਚੇਜ਼ ਦੇ ਵਿਸ਼ਵ ਪ੍ਰਸਿਧ ਨਾਵਲ 'ਹਿਟਨ ਰਨ' ਤੇ 'ਪਿੰਕੀ' ਬਣਾ ਰਹੀ ਹੈ। ਇਕ ਹੋਰ ਨਿਰਮਾਤਾ ਨੇ 'ਮੈਗਨੀਫੀਸ਼ੈਂਟ ਸੇਵਨ' ਤੇ 'ਖੋਟੇ ਸਿੱਕੇ' ਬਣਾ ਮਾਰੀ।

ਅੰਗਰੇਜ਼ੀ ਦੀ ਸਫਲ ਫਿਲਮ 'ਆਈ ਵਿਟਨੈਸ' ਤੇ ਵੀ ਦੋ ਨਿਰਮਾਤਾ ਹਿੰਦੀ ਫ਼ਿਲਮਾਂ ਸ਼ੁਰੂ ਕਰ ਚੁਕੇ ਹਨ।

ਇਹ ਗਲ ਨਹੀਂ ਕਿ ਇਹ ਨਕਲ ਦਾ ਧੰਦਾ ਹੁਣੇ ਹੀ ਚਾਲੂ ਹੋਇਆ ਹੋਵੇ। ਇਹ ਚੋਰੀ ਦੇ ਆਰ. ਕਾਰਕਾਰ ਦੇ ਪੁੱਛ ਦੇ ਤਾਜ਼ਾ ਸ਼ਿਕਾਰ ਯਸ਼ ਚੋਪੜਾ ਸਨ-ਜਿਨ੍ਹਾਂ ਇਹਨਾਂ ਦੀ ਕਹਾਣੀ ਦੇ 'ਦਾਗ਼' ਬਣਾਈ ਸੀ। 'ਦਾਗ਼' ਦੀ ਕਹਾਣੀ 'ਸਨ ਫਲਾਵਰ' ਦਾ ਚਰਬਾ ਸੀ, ਉਂਜ 'ਦਾਗ' ਵਿਚ ਥਾਮਸ ਹਾਰਡੀ ਦੇ 'ਮੇਅਰ ਆਫ ਕਾਸਟਰ ਬ੍ਰਿਜ' ਦੀ ਕਹਾਣੀ ਦਾ ਵੀ ਕਾਫੀ ਹਿਸਾ ਸੀ।

ਇਸ ਪ੍ਰਸਿਧ ਲੇਖਕ ਦਾ ਨਾਂ ਕੌਣ ਨਹੀਂ ਜਾਣਦਾ—ਗੁਲਸ਼ਨ ਨੰਦਾ।

ਇਹਨਾਂ 'ਇਮੀਟੇਸ਼ਨ ਮੈਰਿਜ' ਨਾਵਲ ਤੋਂ ਕਥਾਨਕ ਚੁਰਾ ਕੇ 'ਕਟੀ ਪਤੰਗ' ਨਾਵਲ ਲਿਖਿਆ ਤੇ ਫਿਰ ਸ਼ਕਤੀ ਸ਼ਾਮੰਤ ਤੋਂ ਫਿਲਮ ਬਣਵਾ ਲਈ ਉਂਜ ਨੰਦਾ ਸਾਹਿਬ ਹਮੇਸ਼ਾ ਅੰਗਰੇਜ਼ੀ ਫਿਲਮਾਂ ਦੀ ਨਕਲ ਨਹੀਂ ਮਾਰਦੇ, ਬਹੁਤ ਦਫਾ ਤਾਂ ਉਹ ਹਿੱਟ ਹਿੰਦੀ ਫਿਲਮਾਂ ਦੀ ਹੀ ਨਕਲ ਮਾਰਦੇ ਹਨ।

ਲੇਖ ਲੰਬਾ ਹੋ ਜਾਵੇਗਾ ਤਾਂ ਪਾਠਕ ਨਾਂ ਪੜ੍ਹ ਪੜ੍ਹ ਕੇ ਵੀ ਬੋਰ ਹੋਣਗੇ। ਅਖੀਰ ਕੁਝ ਨਾਂ ਦਸਦੇ ਖਤਮ ਕਰਦਾ ਹਾਂ—

'ਲੇਡੀ ਹਿਅਰ ਇਜ਼ ਯੋਰ ਰੀਥ' ਤੇ 'ਮੇਮ ਸਾਹਿਬ', 'ਕੋਲਡ ਸਵੇਟ' ਤੇ 'ਧਮਕੀ' 'ਹਊ ਟੂ ਸਟੀਲ ਏ ਮਿਲੀਅਨ' ਤੇ 'ਲੋਫਰ' 'ਦ ਬਰਾਈਡ ਵੋਰ ਬਲੈਕ' ਤੇ 'ਬਿੰਦੀਆਂ ਔਰ ਬੰਦੂਕ' ਹੈਡਲੀਚੇਜ਼ ਦੇ ਨਾਵਲ 'ਹਿਪੀ ਆਨ ਦ ਹਾਈ ਵੇ' ਤੇ 'ਵਿਕਟੋਰੀਆ ਨੰ: 203', 'ਲਾਯਟ ਇਨ ਦਾ ਡੇਜਰਟ' ਤੇ 'ਨੰਨਾ ਸ਼ਿਕਾਰੀ' ਲਾਈਬਲ' ਤੇ 'ਹਮਦੋਨੋਂ' 'ਕੰਮ ਸਪਟੈਂਬਰ' ਤੇ 'ਕਸ਼ਮੀਰ ਦੀ ਕਲੀ' ਆਦਿ ਕੁਝ ਹੋਰ ਮਿਸਾਲਾਂ ਹਨ।

ਰਾਜ ਕਪੂਰ ਦੀ 'ਬੌਬੀ' ਵੀ 'ਲਵ ਸਟੋਰੀ, ਅਤੇ 'ਗੁਡਬਾਈ ਕੋਲੰਬਸ' ਨਾਂ ਦੀਆਂ ਫਿਲਮਾਂ ਤੇ ਆਧਾਰਿਤ ਹੈ।

...ਕਾਪੀ ਰਾਈਟ ਦਾ ਝਗੜਾ ਨਹੀਂ; ਝਗੜਾ ਇਸ ਗੱਲ ਦਾ ਹੈ ਕਿ ਜਿਹੜਾ ਨਾਵਲ ਮੈਂ ਚੁਣਾਂ, ਉਹ ਹੋਰ ਕੋਈ ਨਿਰਮਾਤਾ ਨਾ ਚੁਣ ਲਵੇ।

ਫਿਲਮਾਂ ਦੇ ਨਾਵਾਂ ਦੇ ਇਸ ਬੋਰ ਲੇਖ ਦਾ ਅੰਤ ਇਹ ਗਲ ਦਸਕੇ ਕਰਾਂਗਾ ਕਿ ਰਜਿੰਦਰ ਭਾਟੀਆ (ਪਵਿੱਤਰ ਪਾਪੀ) ਦਾ ਪੁਤਰ ਫਿਲਮ ਬਣਾਉਣ ਦੇ ਚੱਕਰ 'ਚ ਹੈ। ਕਹਾਣੀ ਦੀ ਤਲਾਸ਼ 'ਚ ਧੜਾ ਧੜ ਅੰਗਰੇਜ਼ੀ ਦੇ ਸਟੰਟ ਨਾਵਲ ਪੜ੍ਹ ਰਿਹਾ ਹੈ। ਇਕ ਦਿਨ ਕਿਸੇ ਨੇ ਆਖ ਦਿਤਾ—ਤੁਸੀਂ ਅੰਗਰੇਜ਼ੀ ਨਾਵਲ ਤੇ ਜੇ ਫਿਲਮ ਬਣਾਉਗੇ ਤਾਂ 'ਕਾਪੀ ਰਾਈਟ' ਦਾ ਕੀ ਕਰੋਗੇ ?

ਜਨਾਬ ਕਹਿਣ ਲਗੇ 'ਕਾਪੀ ਰਾਈਟ' ਦਾ ਝਗੜਾ ਨਹੀਂ। ਝਗੜਾ ਇਸ ਗਲ ਦਾ ਹੈ ਕਿ ਜਿਹੜਾ ਨਾਵਲ ਮੈਂ ਚੁਣਾਂ ਉਹ ਹੋਰ ਕੋਈ ਨਿਰਮਾਤਾ ਨਾ ਚੁਣ ਲਵੇ।


## Buying, selling, or trading

* Homes new or old
* Commercial properties or sites
* Apartment blocks
* Farms, land, home, acreage or any other real estate need.

For free consultation and professional real estate service.

**Please contact without any obligation.**



ਅਜਾਇਬ ਜੰਡਾ

AJAIB S JANDA

RES. 434-4660 OFF. 321-6881
434-2393

Top salesman in Cambie office and member of the Diamond Club.

of

BB BLOCK BROS. REALTY LTD.



IMPORTERS EXPORTERS WHOLESALERS RETAILERS

**ROKKO SAREES & FABRICS**

S-39, GREEN PARK, NEW DELHI-16, INDIA. PHONE: 77790

OWNED AND OPERATED BY B.S. KHURANA AND SONS AND GRANDSONS

ਕੈਨੇਡਾ ਵਿੱਚ ਛਪਣ ਵਾਲਾ ਪੰਜਾਬੀ ਦਾ ਇੱਕੋ-ਇੱਕ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ ਜਿਹੜਾ ਪੰਜਾਬੀ ਸਾਹਿਤ ਵਿੱਚ ਅਗਾਂਹ-ਵਧੂ, ਨਿੱਗਰ ਅਤੇ ਸਿਹਤਮੰਦ ਕਦਰਾਂ ਦਾ ਪਹਿਰੇਦਾਰ ਹੈ।

ਹਰ ਮਹੀਨੇ:

* ਕਹਾਣੀਆਂ * ਕਵਿਤਾਵਾਂ

ਅਤੇ ਸਥਾਈ-ਕਾਲਮ:

ਆਪ ਸਾਲਾਨਾ-ਮੈਂਬਰ ਬਣੋ

ਅਤੇ ਹੋਰਾਂ ਨੂੰ ਮੈਂਬਰ ਬਣਨ ਲਈ ਪਰੇਰੋ।

(ਸਾਲਾਨਾ ਚੰਦਾ: ਪੰਜ ਡਾਲਰ)

TELEPHONE:
874-5403

THE WATNO DŪR

Post Box No. 1041
Coquitlam, B.C., Canada


## ਜ਼ਰੂਰੀ ਸੂਚਨਾ

ਪਾਠਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤੁਹਾਡੇ ਹੱਥ ਵਿਚਲੀ ਵਤਨੋਂ-ਦੂਰ ਦੀ ਕਾਪੀ ਉਪਰ ਜੇ ਚੰਦਾ ਦੁਬਾਰਾ ਘੱਲਣ ਦੀ ਮੋਹਰ ਲੱਗੀ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਹਾਡਾ ਚੰਦਾ ਪਿਛਲੇ ਮਹੀਨੇ ਤੋਂ ਖਤਮ ਹੋ ਚੁੱਕਾ ਹੈ। ਇਸ ਕਰਕੇ ਨਵਾਂ ਚੰਦਾ ਭੇਜਣ ਦੀ ਕ੍ਰਿਪਾਲਤਾ ਕਰਨੀ ਤਾਂ ਜੋ ਅਗਾਂਹ ਲਈ ਤੁਹਾਨੂੰ ਪਰਚਾ ਮਿਲਦਾ ਰਹੇ। ਨਵੇਂ ਚੰਦਿਆਂ ਦਾ ਵੇਰਵਾ ਪਰਚੇ 'ਚ ਦਰਜ ਹੈ। ਚੰਦਾ ਘੱਲਣ ਵੇਲੇ ਜਾਂ ਪਤਾ ਬਦਲਣ ਤੇ ਚਿੱਟ ਨੰਬਰ ਦਾ ਹਵਾਲਾ ਜ਼ਰੂਰ ਦੇਣਾ।

ਸਰਕੂਲੇਸ਼ਨ ਮੈਨੇਜਰ

## ਕੈਨੇਡਾ ਦੇ ਲੇਖਕਾਂ ਦੀਆਂ ਪੁਸਤਕਾਂ

### ਨਾਵਲ

ਕੇਸਰ ਸਿੰਘ
(ONOWAY, ALBERTA)

1. ਲਹਿਰ ਵਧਦੀ ਗਈ
2. ਜੰਗੀ ਕੈਦੀ
3. ਸ਼ਹੀਦ ਊਧਮ ਸਿੰਘ

### ਕਵਿਤਾ

ਗੁਰਚਰਨ ਰਾਮਪੁਰੀ
(BURNABY, B.C.)

1. ਕਣਕਾਂ ਦੀ ਖੁਸ਼ਬੋ
2. ਕੌਲ ਕਰਾਰ
3. ਕਿਰਨਾਂ ਦਾ ਆਲ੍ਹਣਾ
4. ਅੰਨ੍ਹੀ ਗਲੀ

ਨਵਤੇਜ ਭਾਰਤੀ
(LONDON, ONTARIO)

1. ਸਿੰਬਲ ਦੇ ਫੁੱਲ

ਗੁਰਮੇਲ ਸਿੰਘ ਗਾਹੀ
(BURNABY, B.C.)

1. ਦੁਬਿਧਾ

ਗਿੱਲ ਮੋਰਾਂਵਾਲੀ
(NORTH VANCOUVER, B.C.)

1. ਚੰਡੂ ਚੌਕੇ
2. ਜਾਗ ਪਏ ਹਿੰਦ ਦੇ ਜਵਾਨ
3. ਮੈਖ਼ਾਨਾ
4. ਲਲਕਾਰ
5. ਗੀਤ-ਮਣੀ
6. ਆਰ ਚਨਾਬ ਪਾਰ ਚਨਾਬ

ਸੁਰਿੰਦਰ ਧੰਜਲ
(TIDE LAKE, B.C.)

1. ਸੂਰਜਾਂ ਦੇ ਹਮਸਫ਼ਰ

ਗੁਰਦਿਆਲ ਸਿੰਘ ਕੰਵਲ
(NEW WESTMINSTER, B.C.)

1. ਸੱਜਰੇ ਸੁਪਨੇ

### ਵਿਗਿਆਨ

ਅਜਮੇਰ ਸਿੰਘ
(VANCOUVER, B.C.)

1. ਵਿਸ਼ਵ ਦੀ ਨੁਹਾਰ

ਸਥਾਈ ਕਾਲਮ

## ਇਸ ਅੰਕ ਦਾ ਨਾਵਲ

(ਨਾਵਲ-ਮੁਲਾਂਕਣ)

# ਧੁੱਪ ਦਰਿਆ ਦੀ ਦੋਸਤੀ

(ਨਾਵਲਕਾਰ : ਜਗਜੀਤ ਬਰਾੜ)

1967 ਵਿੱਚ ਲਿਖੇ ਆਪਣੇ ਇੱਕੋ ਇਕ ਨਾਵਲ ਦੇ ਮੁਢਲੇ ਸ਼ਬਦਾਂ ਵਿੱਚ ਜਗਜੀਤ ਲਿਖਦਾ ਹੈ, "ਨਾਵਲ ਇਸ ਕਰਕੇ ਹੀ ਤਾਂ ਨਹੀਂ ਲਿਖੇ ਜਾਂਦੇ ਕਿ ਲੇਖਕ ਕੋਲ ਕੋਈ ਕਹਾਣੀ ਦੱਸਣ ਲਈ ਹੁੰਦੀ ਹੈ। ਨਾਵਲ ਤਾਂ ਲਿਖੇ ਜਾਂਦੇ ਹਨ, ਜਦੋਂ ਕੋਈ ਛਲਾਵੇ-ਰੂਪੀ ਸੱਚ (UNDEMONSTRABLE TRUTH)... ਲੇਖਕ-ਮਨ ਨੂੰ ਆ ਘੇਰਦਾ ਹੈ...। ... ਅੱਜ ਦਾ ਮਨੁੱਖ ਵਰ੍ਹੇ ਨਹੀਂ ਜਿਊਂਦਾ, ਸਗੋਂ ਦਿਨ ਅਤੇ ਛਿਨ ਜਿਊਂਦਾ ਹੈ। ਦਿਨਾਂ ਅਤੇ ਛਿਨਾਂ ਨੂੰ ਚਿਤਰਨਾ ਵਰ੍ਹਿਆਂ ਦੇ ਚਿਤਰਨ ਤੋਂ ਕਿਤੇ ਔਖੇਰਾ ਹੈ। ... ਤੇ ਅਜਿਹਾ ਹੀ ਇਕ ਯਤਨ ਹੈ ਤੁਹਾਡੇ ਹਥਲਾ ਇਹ ਨਾਵਲ!" ਨਾਵਲ-ਕਲਾ ਬਾਰੇ ਅਜਿਹੇ ਵਿਚਾਰ ਰਖਦਿਆਂ, ਉਸਦਾ ਨਾਵਲ ਇਸਤ੍ਰੀ ਦੀ ਬੇਵਫ਼ਾਈ ਦੇ ਕੁਝ 'ਪਲਾਂ' ਤੇ ਆਧਾਰਤ ਹੈ ਅਤੇ ਮਧਵਰਗੀ ਜੀਵਨ ਦੀ ਉਦਾਸ-ਅਰਥਹੀਣਤਾ ਦਾ ਦੁਖਾਂਤ ਚਿਤਰ ਹੈ। ਆਪਣੀ ਨਵੇਕਲੀ ਤੇ ਮਨੋਵਿਗਿਆਨਕ ਪੇਸ਼ਕਾਰੀ ਦੇ ਨਾਲ ਨਾਲ, ਜੇ ਨਾਵਲਕਾਰ ਪਾਤਰਾਂ ਦੀ ਤੜਫ਼ਣ ਨੂੰ ਕੋਈ ਡੂੰਘੇ ਸਮਾਜਿਕ ਅਰਥ ਦੇ ਸਕਦਾ ਤਾਂ ਇਹ ਨਾਵਲ ਇਕ ਪ੍ਰਾਪਤੀ ਬਣ ਸਕਦਾ ਸੀ। (ਭਾਵੇਂ ਆਰੰਭ ਵਿੱਚ ਉਹ ਆਪਣੇ ਪਾਤਰਾਂ ਬਾਰੇ ਹੋਰ ਕੁਝ ਨਾ ਦੱਸ ਸਕਣ ਤੋਂ ਅਸਮਰਥਾ ਪ੍ਰਗਟਾਉਂਦਾ ਹੈ ਪਰ ਨਾਵਲਕਾਰ ਤੋਂ ਸਮਾਜਿਕ ਕਦਰਾਂ ਦੀ ਅਦਾਇਗੀ ਦੀ ਮੰਗ ਪਾਠਕਾਂ ਦਾ ਹੱਕ ਹੈ ...)। ਉਸਦੀ ਭਾਵਕ ਸ਼ਬਦਾਵਲੀ ਵਿੱਚ ਕਿਤੇ 2 'ਅਢੁੱਕਵੇਂ-ਗ਼ੈਰ-ਪੰਜਾਬੀ' ਸ਼ਬਦਾਂ ਦੀ ਵਰਤੋਂ ਰੜਕਦੀ ਹੈ। ਦਿੱਤੇ ਗਏ ਕਾਂਡ ਨੰ: 8 ਵਿੱਚ 'ਨਰਮ ਹਰਜੀਤ' ਤੇ 'ਆਪਣੇ ਦੋਸਤ ਮੋਹਨਜੀਤ' ਦੀ ਦੋਸਤੀ ਦਾ ਆਰੰਭ ਵੇਖਕੇ, ਨਾਵਲ ਦੇ ਮੁਖ-ਪਾਤਰ 'ਜਸਵੰਤ' ਦੇ 'ਮਨ ਵਿੱਚ ਇਕ ਖਿਆਲ ਹੈ... ਕਿੰਨੀਆਂ ਸਾਰੀਆਂ ਦੋਸਤੀਆਂ ਸਾਥੀ ਹਨ ... ...!'

(ਸੁਰਿੰਦਰ ਧੰਜਲ)

### ਕਾਂਡ 8

ਸਵੇਰੇ ਜਦ ਉਹ ਕਮਰੇ ਵਿਚ ਆਈ ਤਾਂ ਬੈੱਡ-ਲਾਕਰ ਤੇ ਗੁਲਦਸਤਾ ਨਹੀਂ ਸੀ। ਮਦਾਨ ਮੇਰੇ ਬਿਸਤਰ ਦੀ ਪੁਆਂਦੀ ਬੈਠਾ ਸੀ। ਉਸਦੇ ਆਉਣ ਤੇ ਉਹ ਉਠਕੇ ਕੁਰਸੀ ਤੇ ਬੈਠ ਗਿਆ ਸੀ। ਮੈਂ ਉਸ ਦੇ ਪਤਲੇ ਸੁਰਖ਼ ਹੋਂਠਾਂ ਤੋਂ ਆਪਣਾ ਨਾਮ ਸੁਣਨ ਬਾਰੇ ਸੋਚਦਾ ਰਿਹਾ ਸਾਂ। ਪਰ ਉਹ ਖਾਮੋਸ਼ ਇੰਜੈਕਸ਼ਨ ਲਗਾਂਦਿਆਂ ਫੇਰ ਆਉਣ ਦਾ ਇਸ਼ਾਰਾ ਕਰ ਗਈ ਸੀ। ਮਦਾਨ ਆਪਣੇ ਧਿਆਨ ਬੈਠਾ ਰਿਹਾ ਸੀ।

ਮਦਾਨ ਆਪਣੇ ਰੁਟੀਨ ਬਾਰੇ ਹੀ ਗੱਲਾਂ ਕਰਦਾ ਰਿਹਾ ਹੈ। ਅਜ ਡਾਕਟਰ ਮੈਨੂੰ ਕੁਝ ਹਾਸਰਸ ਦੀਆਂ ਕਿਤਾਬਾਂ ਵਗੈਰਾ ਪੜ੍ਹਨ ਦੀ ਇਜ਼ਾਜਤ ਦੇ ਗਿਆ ਹੈ। ਉਸ ਨੇ ਕੋਈ ਸੀਰੀਅਸ ਚੀਜ ਪੜ੍ਹਨ ਤੋਂ ਸਖ਼ਤ ਮਨ੍ਹਾ ਕੀਤਾ ਹੈ।

ਮਦਾਨ ਦੇ ਬਜ਼ਾਰ ਚਲੇ ਜਾਣ ਤੋਂ ਬਾਅਦ ਉਹ ਫਿਰ ਆ ਨਿਕਲੀ ਹੈ। ਇਕ ਮੁਸਕ੍ਰਾਹਟ ਬਖੇਰਦੀ ਉਹ ਅੰਦਰ ਲੰਘੀ ਹੈ। ਆਪਮੁਹਾਰੇ ਇਕ ਮੁਸਕ੍ਰਾਹਟ ਮੇਰੇ ਹੋਂਠਾਂ ਤੇ ਖੇਡ ਗਈ ਹੈ। ਉਸਦਾ ਇੰਜ ਚਲੇ ਆਉਣਾ ਮੇਰੇ ਲਈ ਕਿੰਨੀ ਖੁਸ਼ੀ ਰਖਦਾ ਹੈ। ਮੇਰੀ ਇੱਛਾ ਹੈ ਕਿ ਗੱਲ ਕਿਸੇ ਬੜੀ ਖੂਬਸੂਰਤ ਗੱਲ ਤੋਂ ਸ਼ੁਰੂ ਕਰਾਂ। ਪਰ ਖੁਸ਼ੀ ਦੇ ਸਮੇਂ ਮੈਨੂੰ ਕੋਈ ਖੂਬਸੂਰਤ ਗੱਲ ਨਹੀਂ ਸੁਝਦੀ।

"ਰਾਤੀਂ ਤਬੀਅਤ ਕੈਸੀ ਰਹੀ?" ਪਤਲੇ ਸੁਰਖ਼ ਹੋਂਠ ਸੁਆਰਦਿਆਂ ਉਸ ਪੁਛਿਆ ਹੈ।

"ਕਾਫੀ ਚੰਗੀ।"

"ਭਲਾ ਰਾਤੀਂ ਤੁਸੀਂ ਕੀ ਸੋਚਦੇ ਰਹੇ ਓ?

"ਰਾਤੀਂ! ਰਾਤੀਂ ......ਮੈਂ ਆਪਣੇ ਤਨਹਾ ਮਾਯੂਸ ਕਮਰੇ ਨੂੰ ਘਰ ਦਾ ਰੂਪ ਦੇਣ ਦੀ ਸੋਚਦਾ ਰਿਹਾ ਹਾਂ।"

ਉਸ ਮੁਸਕ੍ਰਾਂਦਿਆਂ ਇਸ ਅੰਦਾਜ਼ ਵਿਚ ਵੇਖਿਆ ਹੈ, ਜਿਵੇਂ ਕਹਿਣਾ ਚਾਹੁੰਦੀ ਹੋਵੇ ਕਿ ਹਾਂ ਉਹ ਵੀ ਬਿਲਕੁਲ ਇਸੇ ਤਰ੍ਹਾਂ ਹੀ ਸੋਚਦੀ ਰਹੀ ਹੈ।...ਤੇ ਫਿਰ ਉਸਨੇ ਆਪਣਾ ਨਰਮ ਮਰਮਰੀ ਹੱਥ ਮੇਰੇ ਮੱਥੇ ਤੇ ਰੱਖ ਦਿੱਤਾ ਹੈ।

"ਟੈਂਪਰੇਚਰ ਤਾਂ ਬਿਲਕੁਲ ਨਾਰਮਲ ਜਾਪਦਾ ਏ।"

ਇਕ ਪਲ ਲਈ ਮੈਂ ਸੋਚਦਾ ਹਾਂ ਕਿ ਹਸਪਤਾਲ ਦੇ ਸਭ ਥਰਮਾਮੀਟਰ ਤੋੜ ਦੇਣੇ ਚਾਹੀਦੇ ਹਨ। ਮੱਥੇ ਤੋਂ ਉਸਦਾ ਹੱਥ ਪਲਸ ਤੇ ਚਲਾ ਗਿਆ ਹੈ। ਮੁਸਕਰਾਂਦਿਆਂ ਉਸ ਕਿਹਾ ਹੈ।

"ਪਲਸ ਤੇ ਉਂਗਲਾਂ ਰਖਦਿਆਂ ਹੀ ਇਹ ਤੇਜ਼ ਕਿਉਂ ਹੋ ਗਈ ਏ?"

"ਸ਼ਾਇਦ ਤੁਹਾਡੀਆਂ ਉਂਗਲਾਂ ਦੀ ਛੁਹ ਹੇਠ ਇਹ ਬਹੁਤੀ ਵਾਰ ਧੜਕ ਲੈਣਾ ਚਾਹੁੰਦੀ ਹੈ।"

ਉੱਤਰ ਵਿਚ ਉਹ ਸਿਰਫ਼ ਮੁਸਕਰਾ ਹੀ ਸਕੀ ਹੈ।

"ਤੁਸੀਂ ਮੇਰਾ ਇਤਨਾ ਖਿਆਲ ਕਿਉਂ ਰੱਖਦੇ ਹੋ?" ਮੈਂ ਸ਼ਰਾਰਤਨ

IMPORTERS EXPORTERS WHOLESALERS RETAILERS

ROKKO SAREES & FABRICS

6201 FRASER ST., (At 46th Ave.) VANCOUVER-15, B.C., CANADA. PHONE: 327-3033

OWNED AND OPERATED BY B.S. KHURANA AND SONS AND GRANDSONS

ਪੁਛਿਆ ਹੈ।

"ਮੇਰਾ ਦਿਲ ਕਰਦਾ ਹੈ।" ਉਸਦੀਆਂ ਨਜ਼ਰਾਂ ਵਿਚ ਵੀ ਇਕ ਸ਼ਰਾਰਤ ਹੈ। ਜਦੋਂ ਇਕ ਦਾ ਦਿਲ ਦੂਸਰੇ ਦਾ ਬਹੁਤ ਖਿਆਲ ਰੱਖਣ ਲਈ ਕਰਦਾ ਹੁੰਦਾ ਹੈ. ਉਦੋਂ......"

"ਉਦੋਂ ਦੂਸਰਾ ਆਪਨੇ ਤਨਹਾ ਮਾਯੂਸ ਕਮਰੇ ਨੂੰ ਘਰ ਦਾ ਰੂਪ ਦੇਨ ਦੀ ਸੋਚ ਰਿਹਾ ਹੁੰਦਾ ਏ।"

ਉੱਤਰ ਸੁਣਕੇ ਮੈਂ ਝੂਮ ਗਿਆ ਹਾਂ।

"ਤੁਸੀਂ ਵੀ ਕਦੀ ਘਰ ਬਾਰੇ ਸੋਚਿਆ ਹੈ?"

"ਹਾਂ।"

"ਕਿਹੋ ਜਿਹੇ ਬਾਰੇ"?

"ਜਿਹੋ ਜਿਹੇ ਘਰ ਬਾਰੇ ਤੁਸਾਂ ਸੋਚਿਆ ਏ?"

ਮੈਂ ਇਕ ਵਾਰ ਫਿਰ ਝੂਮ ਗਿਆ ਹਾਂ।

ਬਾਹਰ ਵਲ ਵੇਖਦਿਆਂ ਉਸ ਚਾਰਟ ਉਠਾਇਆ ਹੈ। ਟੈਂਪਰੇਚਰ ਤੇ ਪਲਸ ਨੋਟ ਕਰ ਰਹੀ ਹੈ। ਮੈਨੂੰ ਇੰਜ ਜਾਪਦਾ ਹੈ ਜਿਵੇਂ ਉਹ ਚਾਰਟ ਵਲ ਵੇਖ ਰਹੀ ਵੀ ਮੇਰੇ ਵਲ ਵੇਖ ਰਹੀ ਹੋਵੇ। ਮੈਂ ਉਸਦੇ ਚਿਹਰੇ 'ਚੋਂ ਇਕ ਘਰ ਵੇਖਦਾ ਰਿਹਾ ਹਾਂ। ਘਰ ਜਿਸ ਵਿਚ ਚੈਨ ਹੈ, ਫੁੱਲ ਹਨ, ਰੋਟੀ ਹੈ।

ਫਿਰ ਕੁਝ ਪਲ ਉਹ ਫੁੱਲਾਂ ਬਾਰੇ, ਜ਼ਿੰਦਗੀ ਬਾਰੇ, ਇਕਾਂਤ ਤੇ ਉਪਰਾਮਤਾ ਬਾਰੇ ਗੱਲਾਂ ਕਰਦੀ ਰਹੀ ਹੈ।

ਆਦਮੀ ਇਕਾਂਤ ਤੇ ਉਪਰਾਮਤਾ ਦਾ ਇਜ਼ਹਾਰ ਉਸ ਸਮੇਂ ਕਰਦਾ ਹੈ ਜਦੋਂ ਇਹਨਾਂ ਦਾ ਮਦਾਵਾ ਚਾਹ ਰਿਹਾ ਹੋਵੇ।

ਉਹ ਅਜੇ ਖੜ੍ਹੀ ਹੀ ਹੈ ਕਿ ਮੈਨੂੰ ਮੋਹਨਜੀਤ ਆਉਂਦਾ ਦਿਸਿਆ ਹੈ। ਇਕ ਦਮ ਮੇਰੇ ਚਿਹਰੇ ਦੀ ਰੰਗਤ ਬਦਲ ਗਈ ਹੈ। ਜੀਅ ਕਰਦਾ ਹੈ ਉਸਨੂੰ ਦੌੜਕੇ ਬਾਹਰ ਜਫੀ ਪਾ ਕੇ ਮਿਲਾਂ। ਪਰ ਕਦੀ ਇਛਾ ਜਿਸਮ ਦਾ ਸਾਥ ਨਹੀਂ ਦੇਂਦੀ ਤੇ ਕਦੀ ਜਿਸਮ ਇੱਛਾ ਦਾ। ਅਗਲੇ ਛਿਨ ਉਹ ਬੂਹੇ ਵਿਚਕਾਰ ਖੜ੍ਹਾ ਹੈ। ਮੇਰੇ ਬਿਸਤਰ ਤੇ ਆ ਕੇ ਮੇਰੇ ਗਲੇ ਲਿਪਟ ਗਿਆ ਹੈ। ਭਰੀਆਂ ਭਰੀਆਂ ਅੱਖਾਂ ਨਾਲ ਮੇਰੇ ਚਿਹਰੇ ਵਲ ਹੀ ਵੇਖੀ ਜਾ ਰਿਹਾ ਹੈ। ਜਿਵੇਂ ਹੈਰਾਨ ਹੋਵੇ ਕਿ ਇਤਨਾ ਕਮਜ਼ੋਰ ਚਿਹਰਾ ਮੇਰਾ ਕਿਵੇਂ ਹੋ ਸਕਦਾ ਹੈ। ਥਾਂ ਦੀ ਥਾਂ ਖੜ੍ਹੀ ਉਹ ਸਭ ਕੁਝ ਖਾਮੋਸ਼ ਵੇਖਦੀ ਰਹੀ ਹੈ। ਮੋਹਨਜੀਤ ਨੇ ਇਕ ਨਜ਼ਰ ਉਸ ਵਲ ਵੇਖਿਆ ਹੈ। ਮੈਂ ਰਸਮਨ ਜਾਣ ਪਛਾਣ ਕਰਾਂਦਿਆਂ ਕਿਹਾ ਹੈ ਕਿ ਮੋਹਨਜੀਤ ਇਹਨਾਂ ਦੀ ਨਿਸ਼ਕਾਮ ਸੇਵਾ ਦਾ ਹੀ ਸਹਾਰਾ ਹੈ, ਕਿ ਮੈਂ ਜਿਊਂ ਰਿਹਾ ਹਾਂ। ਮੋਹਨਜੀਤ, ਬਾਰੇ ਮੈਂ ਸਿਰਫ਼ ਇਤਨਾ ਹੀ ਕਹਿ ਸਕਿਆ ਹਾਂ ਕਿ ਇਹ ਮੇਰਾ ਉਹ ਦੋਸਤ ਹੈ; ਮੇਰਾ ਹਰ ਲਮਹਾ ਜਿਸਦੀ ਇੰਤਜ਼ਾਰ ਵਿਚ ਰਿਹਾ ਹੈ। ਉਹ ਅੱਖਾਂ ਵਿਚ ਇਕ ਹੈਰਾਨੀ ਲਈ ਮੋਹਨਜੀਤ ਵਲ ਹੀ ਵੇਖੀ ਜਾ ਰਹੀ ਹੈ। ਜਿਵੇਂ ਸੋਚ ਰਹੀ ਹੋਵੇ ਕਿ ਮੇਰਾ ਦੋਸਤ ਇਤਨਾ ਖੂਬਸੂਰਤ ਕਿਵੇਂ ਹੋ ਸਕਦਾ ਹੈ।



"ਜਸਵੰਤ ਤੁਹਾਨੂੰ ਬਹੁਤ ਹੀ ਯਾਦ ਕਰਦਾ ਰਿਹਾ ਏ।" ਉਸ ਮੋਹਨ ਜੀਤ ਨੂੰ ਸੰਬੋਧਨ ਕੀਤਾ ਹੈ।

"ਜਿਤਨਾ ਮੈਂ ਉਸ ਨੂੰ ਯਾਦ ਕਰਦਾ ਰਿਹਾ ਹਾਂ, ਕਾਸ਼! ਤੁਹਾਨੂੰ ਉਸਦਾ ਵੀ ਪਤਾ ਹੁੰਦਾ।"

"ਦੋਸਤੀ ਵਿਚ ਤਾਂ ਫਿਰ ਇੰਜ ਹੀ ਹੁੰਦੈ।" ਕਹਿੰਦਿਆਂ ਉਹ ਚਲੀ ਗਈ ਹੈ। ਉਸਦੇ ਕਦਮ ਜਿਵੇਂ ਜਾਣ ਲਈ ਰਜ਼ਾਮੰਦ ਨਹੀਂ ਸਨ।

ਮੋਹਨਜੀਤ ਨੇ ਪਹਿਲਾਂ ਨਾ ਆ ਸਕਣ ਦੀ ਮਜਬੂਰੀ ਦੱਸੀ ਹੈ। ਉਹ ਕਿਸੇ ਸ਼ਾਦੀ ਤੇ ਚਲਾ ਗਿਆ ਸੀ। ਵਾਪਸ ਆਉਣ ਤੇ ਉਸਨੂੰ ਤਾਰ ਮਿਲੀ ਸੀ। ਉਹ ਮੇਰੀ ਬੀਮਾਰੀ ਬਾਰੇ ਕਿਤਨਾ ਫਿਕਰਮੰਦ ਹੈ। ਇਤਨਾ ਫਿਕਰਮੰਦ ਤਾਂ ਸ਼ਾਇਦ ਮੈਂ ਵੀ ਨਹੀਂ ਹਾਂ। ਵਾਰ ਵਾਰ ਉਹ ਆਪਣੇ ਪਹਿਲਾਂ ਨਾ ਆ ਸਕਣ ਬਾਰੇ ਦੁੱਖ ਪ੍ਰਗਟ ਕਰਦਾ ਰਿਹਾ ਹੈ। ਮੈਂ ਉਸਨੂੰ ਕਿੰਨੀ ਵਾਰ ਕਹਿ ਚੁਕਾ ਹਾਂ ਕਿ ਮੈਨੂੰ ਬਿਲਕੁਲ ਕੋਈ ਮੁਸ਼ਕਲ ਪੇਸ਼ ਨਹੀਂ ਆਈ, ਮਦਾਨ ਮੇਰੇ ਕੋਲ ਰਿਹਾ ਹੈ, ਤੇ ਇਸ ਤੋਂ ਉਪਰੰਤ ਹਰਜੀਤ ਵੀ ਮੇਰਾ ਕਿਤਨਾ ਖਿਆਲ ਰੱਖਦੀ ਰਹੀ ਹੈ, ਬਹੁਤ ਹੀ ਪਿਆਰੀ ਕੁੜੀ ਹੈ। ਜੇ ਮੈਂ ਉਸ ਬਾਰੇ ਇਹ ਕਹਾਂ ਕਿ ਉਹ ਬਹੁਤ ਹੀ ਚੰਗੀ ਹੈ ਤਾਂ ਮੈਨੂੰ ਇੰਜ ਜਾਪਦਾ ਹੈ ਜਿਵੇਂ ਮੈਂ ਉਸ ਨੂੰ ਅਜੇ ਵੀ ਘੱਟ ਚੰਗੀ ਕਹਿ ਰਿਹਾ ਹੋਵਾਂ।

ਫਿਰਦਾ ਫਿਰਦਾ ਮਦਾਨ ਵੀ ਆ ਨਿਕਲਿਆ ਹੈ। ਕੁਝ ਸਮੇਂ ਤਕ ਤਕ ਏਧਰ ਓਧਰ ਦੀਆਂ ਕਰਦੇ ਰਹੇ ਹਾਂ। ਕਮਰੇ ਵਿਚ ਕਿਤਨੀ ਤਾਜ਼ਗੀ ਹੈ। ਮੋਹਨਜੀਤ ਘਰੋਂ ਸਵਖ਼ਤੇ ਦਾ ਚੱਲਿਆ ਹੈ। ਉਹ ਭੁਖਾ ਹੋਵੇਗਾ। ਮੈਂ ਉਹਨਾਂ ਨੂੰ ਲੰਚ ਲੈਣ ਲਈ ਭੇਜ ਦਿਤਾ ਹੈ।

ਮੈਂ ਹੁਣ ਕਿਤਨਾ ਮਹਿਫੂਜ਼ ਹਾਂ।

ਸ਼ਾਮ ਹੋ ਗਈ ਹੈ। ਮਦਾਨ ਮੋਹਨਜੀਤ ਦੇ ਆ ਜਾਣ ਕਰਕੇ ਆਪਣੇ ਸ਼ਹਿਰ ਚਲਾ ਗਿਆ ਹੈ। ਮੋਹਨਜੀਤ ਵਿਚ ਸਿਫ਼ਤ ਹੈ, ਜੇ ਉਹ ਚਾਹੇ ਤਾਂ ਇਕ ਪਲ ਲਈ ਵੀ ਬੋਰ ਨਹੀਂ ਹੋਣ ਦਿੰਦਾ। ਕਿੰਨਾ ਚਿਰ ਤਾਂ ਉਹ ਆਪਣੀ ਉਸ ਵਾਕਿਫ਼ ਕੁੜੀ ਦੀਆਂ ਹੀ ਗੱਲਾਂ ਕਰਦਾ ਰਿਹਾ ਹੈ ਜਿਸ ਤੋਂ ਇਕ ਗੀਤਕਾਰ ਕਵੀ ਨੇ ਚਾਰ ਸੌ ਰੁਪਿਆ ਇਸ ਬਹਾਨੇ ਠੱਗ ਲਿਆ ਸੀ ਕਿ ਉਸਨੇ 'ਫ਼ੈਜ਼' ਨੂੰ ਮਿਲਣ ਲਈ 'ਬਾਈ ਏਅਰ' ਦਿੱਲੀ ਜਾਣਾ ਹੈ। ਉਹ ਕਵੀ ਉਸ ਕੁੜੀ ਨੂੰ ਆਪਣੀ ਭੈਣ

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B.S. KHURANA AND SONS AND GRANDSONS
27- SUSSEX RD., SOUTH CROYDON. LONDON, ENGLAND
Phone 688-4590

For the latest film music from

**INDIA & PAKISTAN**

tune in

1470 ON YOUR AM DIAL

**C. J. V. B.**

The radio voice of

Cosmopolitan Vancouver

**Programme**

THURSDAY 8—9 P.M.

FRIDAY 8—9 P.M.

SATURDAY 7—9 P.M.

BAZM—E—ADAB

Hosted by Mohd. Rafique

SATURDAY 9—10 P.M.

For advertisement and other information contact Shushma 688-9931

ਕਿਹਾ ਕਰਦਾ ਸੀ। ਪਰ ਜਦ ਉਹ ਉਦਾਸ ਹੁੰਦਾ ਤਾਂ ਉਸਨੂੰ ਆਪਣੇ ਹੱਥੀਂ ਪਾ ਕੇ ਪਿਲਾਣ ਲਈ ਵੀ ਕਹਿੰਦਾ, ਉਸਨੂੰ ਜੱਫੀ ਵਿਚ ਵੀ ਲੈ ਲੈਂਦਾ, ਉਸਦੇ ਹੋਠਾਂ ਦੀਆਂ ਟਾਹਣਾਂ ਤੇ ਚੁੰਮਣਾਂ ਦੇ ਫੁੱਲ ਵੀ ਖਿੜਾ ਦੇਂਦਾ......ਤੇ ਇੰਜ ਅਗਲੀ ਸਵੇਰ ਉਹ ਇਕ ਨਵਾਂ ਗੀਤ ਲਿਖ ਲੈਂਦਾ।

ਅਧੀ ਅਧੀ ਰਾਤੀਂ ਸਾਡੇ ਹੋਠਾਂ ਦੀਆਂ ਟਾਹਣੀਆਂ ਤੇ
ਚੁੰਮਣਾਂ ਦੇ ਫੁੱਲ ਨੀ ਖਿੜੇ।
ਅਧੀ ਅਧੀ ਰਾਤੀਂ ਸਿੰਞਾਂ ਬ੍ਰਿਹਾ ਦੇ ਖੇਤ ਮਾਏ
ਨੈਣਾਂ ਵਾਲਾ ਖੂਹਾ ਨੀ ਗਿੜੇ......

......ਤੇ ਫਿਰ ਉਹ ਜਿਸ ਸ਼ਾਦੀ ਤੋਂ ਆਇਆ ਸੀ, ਉਸਦੀ ਪ੍ਰਾਪਤੀ ਦਾ ਕਿੱਸਾ ਸੁਣਾਉਂਦਾ ਰਿਹਾ ਸੀ। ਕਿੰਜ ਬਰਾਤ ਗਿਆਂ ਹੀ ਇਕ ਮਿਹਰਬਾਨ ਹੋ ਗਈ ਸੀ। ਉਸਦੀਆਂ ਅੱਖਾਂ ਇਤਨੀਆਂ ਪਿਆਰੀਆਂ ਸਨ ਕਿ ਉਹ ਉਸਨੂੰ ਅੱਖਾਂ ਵਾਲੀ ਕੁੜੀ ਹੀ ਕਹਿ ਰਿਹਾ ਹੈ।

ਉਹ ਅਕਸਰ ਆਖਦਾ ਹੈ।

"ਕੁੜੀ ਦਾ ਕੀ ਏ, ਮੌਕਾ ਮਿਲੇ ਰਤਾ ਤਾਰੀਫ਼ ਕਰੋ, ਦੋ ਚਾਰ ਚੁਸਤ ਗੱਲਾਂ ਕਰੋ......ਤੇ ਸਭ ਤੋਂ ਵੱਧ ਕੁੜੀ ਲਈ ਇਕ ਇਸਰਾਰ ਬਣੋ। ਜਿੰਨਾ ਚਿਰ ਇਸਰਾਰ ਬਣ ਰਹੋਗੇ ਕੁੜੀ ਪਰਛਾਵੇਂ ਵਾਂਗ ਤੁਹਾਡੇ ਪਿੱਛੇ ਰਹੇਗੀ।"

ਗੱਲਾਂ ਕਰਦਿਆਂ ਸਮਾਂ ਕਿਤਨੀ ਜਲਦੀ ਬੀਤਦਾ ਜਾ ਰਿਹਾ ਹੈ। ਗਹਿਰੀ ਸ਼ਾਮ ਹੋ ਗਈ ਹੈ। ਇਤਨੀਆਂ ਦਿਲਚਸਪ ਗੱਲਾਂ ਸੁਣਦੇ ਸੁਣਦੇ ਵੀ ਮੈਨੂੰ ਹਰਜੀਤ ਦਾ ਖਿਆਲ ਆ ਜਾਂਦਾ ਰਿਹਾ ਹੈ। ਉਸਨੂੰ ਮਿਲਣ ਲਈ ਮੈਨੂੰ ਇਹ ਗਹਿਰੀ ਸ਼ਾਮ ਰਾਤ ਵਿਚ ਬਦਲਣੀ ਪਏਗੀ।......ਤੇ ਮੋਹਨਜੀਤ ਦੇ ਸਾਥ ਵਿਚ ਇਹ ਕੰਮ ਮੈਨੂੰ ਬਹੁਤ ਕਠਨ ਨਹੀਂ ਜਾਪ ਰਿਹਾ ਹੈ।

ਹੁਣ ਤਾਂ ਮੋਹਨਜੀਤ ਨੇ ਹੀ ਉਸ ਦੀ ਗੱਲ ਸ਼ੁਰੂ ਕਰ ਦਿੱਤੀ ਹੈ। ਜਦ ਉਹ ਲੰਚ ਲੈਣ ਜਾ ਰਹੇ ਸਨ ਤਾਂ ਉਹ ਵਾਰਡ ਦੇ ਬਰਾਂਡੇ ਵਿਚ ਹੀ ਮਿਲ ਗਈ ਸੀ। ਮੋਹਨਜੀਤ ਨੇ ਮੇਰਾ ਇਤਨਾ ਖਿਆਲ ਰੱਖਣ ਤੇ ਉਸਦਾ ਧੰਨਵਾਦ ਕੀਤਾ ਸੀ। ਉਹ ਇਕ ਪਲ ਲਈ ਰੁਕੀ ਸੀ, ਰਤਾ ਕੁ ਮੁਸਕਰਾਈ ਸੀ, ਤੇ ਫਿਰ 'ਨਹੀਂ ਇਹ ਤਾਂ ਮੇਰਾ ਫ਼ਰਜ਼ ਹੈ' ਕਹਿੰਦੀ ਵਾਰਡ ਵਿਚ ਹੀ ਚਲੀ ਗਈ ਸੀ। ਦਾਹੜੀ ਦੇ ਬਰੀਕ ਖੂਬਸੂਰਤ ਵਾਲਾਂ ਵਿਚ ਉਂਗਲਾਂ ਫੇਰਦਾ ਮੋਹਨਜੀਤ ਕਹਿ ਰਿਹਾ ਹੈ।

"ਸੱਚਮੁਚ ਕਿੰਨੀ ਚੰਗੀ ਕੁੜੀ ਹੈ। ਉਸਦੇ ਹੋਂਠ ਕਿੰਨੇ ਪਿਆਰੇ ਨੇ।"

IMPORTERS EXPORTERS WHOLESALERS RETAILERS

**ROKKO SAREES & FABRICS**

OWNED AND OPERATED BY B.S. KHURANA AND SONS AND GRANDSONS

635-BLOOR STREET WEST. TORONTO. ONTARIO. CANADA

Phone 533-1106

ਉਸਦੇ ਹੋਂਠ ਠੀਕ ਹੀ ਬਹੁਤ ਪਿਆਰੇ ਹਨ, ਪਰ ਪਤਾ ਨਹੀਂ ਮੈਥੋਂ ਕਿਉਂ ਹੁੰਗਾਰਾ ਨਹੀਂ ਭਰ ਹੋਇਆ। ਮੋਹਨਜੀਤ ਦਾ ਇਹ ਕਹਿਣਾ ਕਿ ਉਹ ਸੱਚਮੁਚ ਕਿੰਨੀ ਚੰਗੀ ਕੁੜੀ ਹੈ, ਮੈਨੂੰ ਬੇਹਦ ਬੁਰਾ ਲੱਗਾ ਹੈ।

ਵਾਰ ਵਾਰ ਮੇਰੀ ਨਜ਼ਰ ਦਰਵਾਜ਼ੇ ਤੋਂ ਬਾਹਰ ਚਲੀ ਜਾਂਦੀ ਹੈ। ਇੰਜੈਕਸ਼ਨ ਦਾ ਸਮਾਂ ਹੋ ਗਿਆ ਹੈ, ਉਹ ਕਿਸੇ ਪਲ ਵੀ ਆ ਸਕਦੀ ਹੈ,—ਤੇ ਆ ਗਈ ਹੈ। ਅਸੀਂ ਦੋਵੇਂ ਖ਼ਾਮੋਸ਼ ਹੋ ਗਏ ਹਾਂ। ਉਸਨੇ ਵੀ ਕੋਈ ਗੱਲ ਸ਼ੁਰੂ ਨਹੀਂ ਕੀਤੀ ਖ਼ਾਮੋਸ਼ ਇੰਜੈਕਸ਼ਨ ਲਗਾਣ ਲੱਗ ਪਈ ਹੈ। ਇੰਜੈਕਸ਼ਨ ਦਾ ਮੈਨੂੰ ਰਤਾ ਵੀ ਤੇ ਦਰਦ ਨਹੀਂ ਹੋਇਆ। ਸ਼ਾਇਦ ਮੋਹਨਜੀਤ ਮੇਰੇ ਚਿਹਰੇ ਤੋਂ ਇਹ ਵੇਖਦਾ ਰਿਹਾ ਹੈ। ਉਸ ਇੰਜੈਕਸ਼ਨ ਲਗਾਇਆ ਹੀ ਹੈ ਕਿ ਮੋਹਨਜੀਤ ਨੇ ਕਿਹਾ ਹੈ।

"ਤੁਸੀਂ ਏਨਾ ਅੱਛਾ ਇੰਜੈਕਸ਼ਨ ਨਾ ਲਗਾਇਆ ਕਰੋ, ਮਰੀਜ਼ ਨੂੰ ਤਾਂ ਇਹ ਪਤਾ ਵੀ ਨਹੀਂ ਲਗਦਾ ਕਿ ਉਸਦੇ ਇੰਜੈਕਸ਼ਨ ਲੱਗਾ ਏ, ਉਸਦਾ ਇਲਾਜ ਹੋ ਰਿਹਾ ਏ"

ਉੱਤਰ ਵਿਚ ਉਹ ਮੋਹਨਜੀਤ ਵਲ ਵੇਖ ਕੇ ਮੁਸਕਰਾਈ ਹੈ, ਫਿਰ ਉਸਨੂੰ ਬੈੱਡ-ਲਾਕਰ ਤੇ ਪਈਆਂ ਗੋਲੀਆਂ ਦੇਣ ਦੇ ਵੱਖ ਵੱਖ ਸਮਿਆਂ ਬਾਰੇ ਦਸਦੀ ਰਹੀ ਹੈ।

"ਮੇਰੀ ਯਾਦਦਾਸ਼ਤ ਤੁਹਾਡੇ ਜਿੰਨੀ ਤਾਂ ਹੈ ਨਹੀਂ, ਫਰਜ਼ ਕਰੋ ਮੈਂ ਕਿਸੇ ਗੋਲੀ ਦੇਣ ਦਾ ਸਮਾਂ ਭੁੱਲ ਜਾਵਾਂ ?"

ਮੋਹਨਜੀਤ ਦੀਆਂ ਅੱਖਾਂ ਵਿਚ ਮੈਨੂੰ ਇਕ ਸ਼ਰਾਰਤ ਦਿਸੀ ਹੈ। ਠੀਕ ਇਸੇ ਪਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਗੋਲੀਆਂ ਮੈਂ ਆਪੇ ਲੈ ਲਵਾਂਗਾ, ਮੈਨੂੰ ਸਭ ਦੇ ਸਮੇਂ ਯਾਦ ਨੇ। ਪਰ ਇਸ ਤੋਂ ਪਹਿਲਾਂ ਹੀ ਹਰਜੀਤ ਕਹਿ ਉਠੀ ਹੈ,"

"ਜੇ ਕਦੀ ਐਸਾ ਹੋ ਵੀ ਜਾਵੇ ਤਾਂ ਡਿਊਟੀ-ਰੂਮ ਵਿਚ ਆ ਕੇ ਪੁਛ ਜਾਣਾ।"

"ਮੇਹਰਬਾਨੀ।"

......ਤੇ ਉਹ ਚਲੀ ਗਈ ਹੈ। ਮੈਨੂੰ ਉਸਦੇ, ਵਾਪਸ ਜਾਂਦੀ ਦੇ ਕਦਮਾਂ ਹੇਠਾਂ ਕੁਝ ਟੁਟਦਾ ਹੋਇਆ ਅਨੁਭਵ ਹੋ ਰਿਹਾ ਹੈ। ਮੋਹਨਜੀਤ ਖ਼ਾਮੋਸ਼ ਹੈ। ਗੋਲੀਆਂ ਦੇਣ ਦਾ ਸਮਾਂ ਭੁੱਲ ਜਾਣ ਦੀ ਕੋਸ਼ਸ਼ ਵਿਚ ਜਾਪਦਾ ਹੈ।

ਮੋਹਨਜੀਤ ਆਪਣੇ ਕੱਪੜੇ ਬਦਲਣ ਲੱਗ ਪਿਆ ਹੈ। ਫਿਰ ਰਸਮਨ ਮੇਰੇ ਪੇਰੈਂਟਸ ਬਾਰੇ ਪੁੱਛਦਾ ਰਿਹਾ ਹੈ। ਕੁਝ ਅਰਸਾ ਹੋਰ ਇਸੇ ਤਰ੍ਹਾਂ ਬੇਮਤਲਬ ਜਿਹੀਆਂ ਗੱਲਾਂ ਚਲਦੀਆਂ ਰਹੀਆਂ ਨੇ। ਉਹ ਸਫ਼ਰ ਦਾ ਥੱਕਿਆ ਹੈ। ਮੈਂ ਉਸਨੂੰ ਸੌਣ ਲਈ ਕਹਿ ਦਿਤਾ ਹੈ। ਕੁਝ ਸਮਾਂ ਹੋਰ ਬੈਠ ਕੇ ਉਹ ਚਲਾ ਗਿਆ ਹੈ।

ਅੱਖਾਂ ਮੀਟੀ, ਮੈਂ ਨੀਂਦਰ ਦੇ ਇੰਤਜ਼ਾਰ ਵਿਚ ਹਾਂ। ਮਨ ਵਿਚ ਕਿੰਨੀਆਂ ਸੋਚਾਂ ਘਰ ਕਰ ਬੈਠੀਆਂ ਨੇ। ਕਿਨੇ ਸਾਰੇ ਡਰ ਉਪਜਦੇ ਨੇ, ਮਿਟ ਜਾਂਦੇ ਨੇ, ਫਿਰ ਉਪਜ ਆਉਂਦੇ ਨੇ। ਅੱਜ ਫਿਰ ਮੈਨੂੰ ਨੀਂਦਰ ਨਹੀਂ ਆਏਗੀ। ਅਜ ਤੇ ਉਹ ਸੌਣ ਦੀ ਗੋਲੀ ਵੀ ਨਹੀਂ ਦੇ ਕੇ ਗਈ।

ਕਦੀ ਕਦੀ ਮੈਨੂੰ ਆਪਣੇ ਆਪ ਤੇ ਖਿਝ ਆ ਜਾਂਦੀ ਹੈ। ਕਿੰਨੀ ਤੀਬਰਤਾ ਦੇ ਨਾਲ ਮੋਹਨਜੀਤ ਦਾ ਇੰਤਜ਼ਾਰ ਸੀ, ਪਰ ਹੁਣ ਜਦ ਉਹ ਮੇਰੇ ਕੋਲ ਹੈ ਤਾਂ ਮੈਂ ਅਜੀਬ ਅਜੀਬ ਕਿਉਂ ਸੋਚਦਾ ਹਾਂ। ਇੰਜ ਹੀ ਬੇਹਿਸੀ ਜਿਹੀ ਵਿਚ ਲੇਟਿਆਂ ਕਿਤਨਾ ਸਮਾਂ ਬੀਤ ਗਿਆ ਹੈ। ਨਜ਼ਰਾਂ ਉਠਾ ਕੇ ਵੇਖਦਾ ਹਾਂ ਤਾਂ ਹੱਥ ਵਿਚ ਟਾਰਚ ਲਈ ਹਰਜੀਤ ਹੈ।

"ਅੱਜ ਮੈਂ ਤੁਹਾਨੂੰ ਨੀਂਦਰ ਦੀ ਗੋਲੀ ਦੇਣੀ ਹੀ ਭੁਲ ਗਈ ਸਾਂ।"

"ਅੱਜ, ਮੇਰਾ ਵੀ ਫੈਸਲਾ ਸੀ ਕਿ ਸਾਰੀ ਰਾਤ ਜਾਗਕੇ ਕਟਾਂਗਾ।"

"ਦੋਸਤ ਆਣ ਦੀ ਖੁਸ਼ੀ ਵਿਚ ? ਸੱਚ ! ਤੁਸੀਂ ਉਹਨਾਂ ਨੂੰ ਭੇਜ ਦੇਣਾ ਸੀ, ਗੋਲੀ ਲੈ ਆਂਦੇ।"

ਮੈਂ ਇਕਦਮ ਖ਼ਾਮੋਸ਼ ਹੋ ਗਿਆ ਹਾਂ।

"ਤਬੀਅਤ ਤੇ ਠੀਕ ਏ ਨਾ ?.....ਬੱਸ ਹੁਨ ਤੁਹਾਨੂੰ ਰਤਾ ਕਮਜ਼ੋਰੀ ਏ, ਬਹੁਤ ਜਲਦੀ ਠੀਕ ਹੋ ਜਾਵੋਗੇ.........ਇਕ ਤੇ ਤੁਸੀਂ ਐਵੇਂ ਸੋਚਦੇ ਬੜਾ ਰਹਿੰਦੇ ਓ......ਅੱਛਾ ਮੈਂ ਚਲਨੀਆਂ।"

ਇਸ ਸਾਰੇ ਅਰਸੇ ਵਿਚ ਮੈਂ ਕੋਈ ਗੱਲ ਨਹੀਂ ਕਰ ਸਕਿਆ। ਉਸਨੂੰ ਮੇਰਾ ਖਿਆਲ ਤਾਂ ਜ਼ਰੂਰ ਹੈ। ਡਿਊਟੀ-ਰੂਮ ਵਿਚ ਬੈਠੀ ਉਹ ਅਵੱਸ਼ ਹੀ ਮੇਰੇ ਬਾਰੇ ਸੋਚਦੀ ਰਹੀ ਹੋਵੇਗੀ ਤੇ ਫਿਰ ਸੋਚਦਿਆਂ ਸੋਚਦਿਆਂ ਉਸਨੂੰ ਯਾਦ ਆ ਗਿਆ ਹੋਵੇਗਾ ਕਿ ਉਹ ਤਾਂ ਗੋਲੀ ਦੇਣੀ ਭੁੱਲ ਗਈ ਹੈ।......ਪਰ ਇਹ ਵੀ ਤਾਂ ਹੋ ਸਕਦਾ ਹੈ ਕਿ ਗੋਲੀ ਉਹ ਜਾਣ ਕੇ ਨਾ ਦੇ ਕੇ ਗਈ ਹੋਵੇ ਤੇ ਡਿਊਟੀ-ਰੂਮ ਵਿਚ ਬੈਠੀ ਇੰਤਜ਼ਾਰ ਕਰਦੀ ਰਹੀ ਹੋਵੇ ਕਿ ਗੋਲੀ ਲੈਣ ਮੋਹਨਜੀਤ ਆਵੇਗਾ।

.........ਕਿੰਨੀਆਂ ਸਾਰੀਆਂ ਦੋਚਿੰਤੀਆਂ ਸਾਥੀ ਹਨ। ਮਨ ਵਿਚ ਫਿਰ ਇਕ ਖਿਲਾਅ ਹੈ।

IMPORTERS EXPORTERS WHOLESALERS RETAILERS
ROKKO SAREES & FABRICS
OWNED AND OPERATED BY B.S. KHURANA AND SONS AND GRANDSONS
7-5, 4-CHOME, ISOBE DORI, FUKIAI KU, KOBE, JAPAN
Phone: 251-6440

# BUSINESS

## CLOTH STORES

B & G ENTERPRISES 7209 Main St.,Vancouver. PHONE: 324-6203
CONTINENTAL CLOTH HOUSE 6576 Main St., Van. PHONE: 321-0847
DIVENA TRADING 6642 Main St., Vancouver. PHONE: 324-7654 ,324-2508
EAST WEST QUALITY WEAR 7220 Main St., Vancouver. PHONE: 325-5414
EAST WEST QUALITY WEAR 1290 E. 12th Ave.,Van. PHONE: 876-7901
ELITE TAILORS 4213 Main St., Vancouver. PHONE: 872-2276
LONDON FASHION STORE 4393 Main St.,Van. PHONE: 876-7515
PUNJAB FASHION STORE 4158 Main St., Van. PHONE: 879-2612
ROKKO SAREES & FABRICS 6201 Fraser St.,Van. PHONE: 327-3033,327-8033

## FILM EXHIBITORS

AVTAR BAINS Queen Elizabeth Playhouse,Vancouver. PHONE: 325-7369
EVERGREEN FILMS YOrk Theatre, Vancouver. PHONE: 255-0141
HORIZON FILMS Metro Theatre, Vancouver. PHONE: 299-6710 (24 hrs.)
HORIZON FILMS Centennial, N. Vancouver. PHONE: 299-6710 (24 hrs.)
S & S PICTURES Olympia Theatre, Vancouver. PHONE: 325-8343
SIHOTA DISTRIBUTORS 1391 Kingsway,Van. PHONE: 873-4541,873-5631

## GROCERY STORES

INTERNATIONAL GROCERIES 4305 Main St., Vancouver. PHONE 879-2085
INTER-UNIVERSAL FOODS 9369 Scott Rd., Delta. PHONE 584-7313
JAY MANGAL ENTERPRISES 6108 Fraser St.,Vancouver. PHONE 321-2844
NEW SPICE LAND 4532 Main St.,Vancouver. PHONE 874-6624
PATEL DELUX 2210 Commercial Dr., Vancouver. PHONE 255-6729
NODA FISH MARKET 4583 Kingsway, Vancouver. PHONE 434-2141
TRU FOODS 10713 King George Hwy, Surrey. PHONE: 584-7011

## JEWELLERS

BHARTI ART JEWELLER 865 Kingsway, Vancouver. PHONE: 874-9448
PAREKH JEWELLER 7211 Main St., Vancouver. PHONE: 321-6214


PASSPORT
PHOTOS
3
MINUTES
Sooter Portrait Studios
611 Kingsway
1 block west of Fraser



ਹਰ ਕਿਸਮ ਦੇ ਬੀਮੇ ਸੰਬੰਧੀ ਤੁਹਾਡੇ ਸਹਾਇਕ :-
ਸਿੱਧ ਇਨਸ਼ੋਅਰੈਂਸ
ਸਰਵਿਸਜ਼ ਕੰਪਨੀ ਲਿਮਟਿਡ
(ਸੁਰਜੀਤ ਸਿੱਧ)
AUTO — FIRE — LIFE

B—3905 Knight Street
at Kingsway)
Vancouver, B.C.

Off. 879-5522 Res. 434-7757

# DIRECTORY

## TVS-

UNION ELECTRONICS (1974) LTD.

6169 Fraser Street, Vancouver
Phone: 321-0314

## RADIOS-

UNION ELECTDONICS (1974) LTD.

6169 Fraser Street, Vancouver
Phone: 321-0314

## TAPES

UNION ELECTDONICS (1974) LTD.

6169 Fraser Street, Vancouver
Phone: 321-0314

## RADIO CASSETTES

SONY, TOSHIBA

UNION ELECTRONICS (1974) LTD.

6169 Fraser Street, Vancouver
Phone: 321-0314

## STEREOS-

UNION ELECTRONICS (1974) LTD.

6169 Fraser Street, Vancouver
Phone: 321-0314

## REAL ESTATE

BHOJWANI JAY 6550 E. Hastings St., Burnaby. PHONE: 255-0082
GILL AMARJIT 6964 Victoria Dr., Vancouver. PHONE: 327-8I4I
JANDA AJAIB 5842 Cambie St., Vancouver. PHONE: 32I-688I
KHOSLA SUKH 6550 E. Hastings St., Burnaby. PHONE: 255-0082
MATTU TARY 5842 Cambie St., Vancouver. PHONE 32I-688I
MEHTA GIRISH 6964 Victoria Dr.,Vancouver. PHONE: 327-8I4I
SIDHU DALJIT 9360 Scott Rd., Surrey. PHONE: 58I-460I
DECL REALTY IOO-2096 w.41 Ave.Van.PHONE:263-2II2,
CHEEMA RAJ 7350 Edmonds St., Burnaby. PHONE: 524-95II
DHILLON G. S. 200I W. 4Ist Ave., Vancouver. PHONE: 266-4I55
ISRANI JAMES K. 3953 E. Hastings, Burnaby. PHONE: 29I-282I
MANGAT JASWANT 4488 Main St., Vancouver. PHONE: 876-7III
KANDOLA TARSEM 4395 Fraser St.,VAncouver. PHONE: 872-2666
JAZZ SINGH 4395 Fraser St., Vancouver. PHONE: 872-2666
BRAR DARSHAN 5467 Victoria Dr., Vancouver. PHONE: 327-83I5
MOTI MICHAEL I435 Kingsway, Vancouver. PHONE: 879-757I
TOOR HARPAL I435 Kingsway, Vancouver. PHONE: 879-757I

## TRAVEL

AHLUWALIA KARTAR S. 1391 Kingsway, Vancouver Phone: 873-5631 324-2557
BAINS INTERNATIONAL SERVICE LTD. 6364 Fraser, Vancouver Phone: 324-2277
CENTURY TRAVEL SERVICE 204—3310 Fraser St., Vancouver Phone: 874-9429
EVERYDAY TRAVEE SERVICE 2301 Main St., Vancouver Phone: 879-4677
GOYAL TRAVELS, 4160 Fraser, Vancouver, 10 Phone: 872-7658
PAMILA INTERNATIONAL TRAVEL SERVICE 4877 Main St. Vancouver Phone: 876-2248
SUPREME TRAVEL SERVICE 3397 Kingsway, Vancouver Phone: 438-4371

For repair of all kinds of TV's stereos, cassettes, record players and radios.

**CONTACT**
**Mr. Toor at 588-2296**

LITERARY & CULTURAL MONTHLY OF PANJABI
THE WATNO DUR
Post Box No. 1041 Coquitlam, B.C., Canada

ਕੈਨੇਡਾ ਵਿੱਚ ਪੰਜਾਬੀ ਦਾ ਸਾਹਿਤਕ-ਸੱਭਿਆਚਾਰਕ ਮਾਸਕ ਪੱਤਰ: ਵਤਨੋਂ ਦੂਰ

DECEMBER, 1974 NO. 18

SECOND CLASS MAIL
REGISTRATION NUMBER 3233

# HIMALAYA RESTAURANT

LICENSED PREMISES

## 2313 Main Street, Vancouver, B.C.

## Phone: 876-2911

**WHERE YOU CAN GET:**

LAMB CURRY, BEEF CURRY, PRAWN CURRY,
GOAT MEAT (SPECIAL), VEGETABLES, SAMOSAS,
PUREE CHHOLLAY, LASSI, DAHEEN (CURD),
GULAB JAMAN, BARFEE, BAESAN AND GAJRELA.

# ਹਿਮਾਲੀਆ ਰੈਸਟੋਰੈਂਟ

ਜਿੱਥੇ ਤੁਹਾਨੂੰ ਲੈਂਬ ਕਰੀ, ਬੀਫ਼ ਕਰੀ, ਪਰਾਨ ਕਰੀ, ਬੱਕਰੇ ਦਾ ਸਪੈਸ਼ਲ ਮੀਟ, ਸਬਜ਼ੀਆਂ, ਸਮੋਸੇ, ਪੂਰੀ ਛੋਲੇ, ਲੱਸੀ ਦਹੀਂ, ਗੁਲਾਬ ਜਾਮਣ, ਬਰਫ਼ੀ, ਵੇਸਣ ਤੇ ਗਜਰੇਲਾ ਹਰ ਵਕਤ ਤਿਆਰ ਮਿਲਦਾ ਹੈ।

**ਮਾਲਕ:** ਭਾਰਤੀ ਖਾਣਿਆਂ ਦੇ ਮਾਹਿਰ **ਕਰਨੈਲ ਮੋਰਕ**

ਇਥੇ ਹਰ ਕਿਸਮ ਦੀ ਵਿਸਕੀ, ਬੀਅਰ, ਅਤੇ ਵਾਈਨ ਵੀ ਮਿਲਦੀ ਹੈ।

**2131 ਮੇਨ ਸਟਰੀਟ, ਵੈਨਕੂਵਰ (ਫ਼ੋਨ: 876-2911)**